MAX FINANCIAL SERVICES LIMITED
CIN: L24223PB1988PLC008031
Registered Office: Bhai Mohan Singh Nagar, Village Railmajra,
Tehsil Balachaur, District Nawanshahr, Punjab – 144 533
Tel: 01881-462000, 462001 Fax: 01881- 273607
Website: www.maxfinancialservices.com

July 31, 2020

BSE Limited
Phiroze Jeejeebhoy Towers
Dalal Street
Mumbai - 400 021.

National Stock Exchange of India Ltd.
Exchange Plaza
Bandra -Kurla Complex, Bandra (E),
Mumbai 400 051

Scrip Code : 500271

Name of Scrip : MFSL

Dear Sir/Madam,

Sub.: Disclosure under Regulation 47 of SEBI (Listing Obligations and Disclosure Requirements) Regulations, 2015 - Financial results published in Newspapers

Further to our letter dated July 30, 2020 and in terms of Regulation 30 of SEBI (Listing Obligations and Disclosure Requirements) Regulations, 2015, please find enclosed copies of unaudited financial results of the Company for the quarter ended June 30, 2020 published in English newspaper "Mint" and vernacular newspaper "Desh Sewak" both on July 31, 2020.

You are requested to take the aforesaid on record.

Thanking you,

Yours faithfully
For **Max Financial Services Limited**

V. Krishnan
Company Secretary and Compliance Officer

Encl : As above.

Dabur India Q1 profit down 6% to ₹341.3 crore

Suneera Tandon
suneera.t@livemint.com
NEW DELHI

Packaged consumer goods company Dabur India Ltd on Thursday said its June-quarter consolidated net profit was down 6% from ₹363.81 crore in the year-ago period to ₹341.30 crore. The maker of Real Juices and Vatika hair oil reported a 12.9% drop in consolidated revenue to ₹1,979.98 crore, compared to ₹2,273.29 crore in Q1 FY20.

Its domestic fast-moving consumer goods (FMCG) business fell 6.9% in Q1 FY21, while domestic volumes declined by 9.7%, primarily due to the lockdown, Dabur said. Revenues in its international business also fell by 21.6%. The covid-19 lockdowns and subsequent disruption in trade channels impacted business across segments. This was especially true for its home and personal care categories as shoppers went easy on discretionary purchases, such as shampoo and hair oil. Its food portfolio, including beverages under Real Juices and culinary brands, was impacted, too.

Dabur's home and personal care business was down 15% year-on-year, while the foods business fell 34.4% to ₹203.

However, the healthcare segment, which contributes 37.6% to its sales, benefited with consumers seeking local remedies and immunity building products. Healthcare was up 29.2% to ₹532 crore, with the healthcare supplements business rising 52.6%.

Dabur ramped up new launches, which contributed ₹100 crore to sales in Q1, largely led by the sale of sanitizers.

Our brand value got eroded under Mistry, says Tata Sons

'Tata' worth declined from $14.8 bn in 2014 to $13.1 bn in 2017, coinciding with Mistry's tenure

Jayshree P Upadhyay
jayshree.pyasi@livemint.com
MUMBAI

Tata Sons Pvt. Ltd said on Thursday that despite claims of good performance, the chairmanship of Cyrus Mistry saw an erosion in brand value and a decline in the financial performance of Tata group companies. The holding parent of Tata group companies said in a court filing that the bulk of operating companies underperformed the benchmark Sensex index, and that Tata Sons did not enter any significant new business opportunities during Mistry's tenure.

"Cyrus Mistry, as executive chairman, was more often than not 'finger pointing' and 'blaming' the past and failed to recognize that in the case of Tata Operating Companies with varied businesses, it would not be unusual to expect headwinds in some of the businesses," Tata Sons said in a Supreme Court filing reviewed by *Mint*.

On the contrary, the approach of the current leadership under the chairmanship of N. Chandrasekaran has been one of transforming the businesses, it said.

Recognizing that there is significant ground to cover, Tata Sons has invested ₹28,500 crore in the operating companies to correct their balance sheets and support growth, the Tata companies' parent said.

Mistry, through his two investment firms that hold a stake in Tata Sons, is fighting a court battle over his ouster in October 2016 and is seeking proportional board representation as the largest shareholder in the holding company of the group. The legal battle has now been on for three and a half years.

Cyrus Mistry, as executive chairman, was more often than not 'finger pointing', noted Tata Sons in a Supreme Court filing. AFP

Mistry was sacked citing performance issues by the board of Tata Sons, prompting Mistry investment firms to file a petition alleging mismanagement and oppression of minority shareholders. In December last year, the National Company Law Appellate Tribunal (NCLAT) ruled in favour of Mistry firms, which led to Tata Sons appealing in the Supreme Court.

Quoting Brand Finance, Tata Sons said the value of the "Tata" brand actually declined from approximately $14.8 billion in 2014 to $13.1 billion in 2017 (most of which coincided with Mistry's tenure).

In commercial vehicles, Tata Motors steadily lost market share from 60% a few years earlier to hit a low of 44% in FY17. Similarly, the domestic personal vehicle business also ceded market share from approximately 12.4% a few years ago to 5% in 2017, said Tata Sons.

Separately, Tata Trusts, which are also a party to the case, said in a rejoinder filed on Thursday that the trusts do not "wield power"; they empower and transform people's lives.

A spokesperson for the Mistry group did not offer any comments; however, an official on condition of anonymity said, "During Mistry's tenure, there was a strong focus on improving operational performance. The focus was on rationalizing of commercially non-viable circles and improving quality of revenue." Referring to the current leadership, the official added, "In the last three years, Tata Sons invested about ₹67,000 crore in portfolio companies. The value of these investments has already eroded by approximately ₹40,000 crore."

PERFORMANCE METRICS

MOST operating firms didn't do well, and no major deals were signed in his tenure: Tata Sons

TATA Sons has invested ₹28,500 cr in the operating companies to rectify their balance sheets

THE approach of leadership under Chandrasekaran has been transformative, noted Tata Sons

AN official said the value of investments made by Tata Sons in last 3 yrs has dropped by ₹40,000 crore

Tata Power to cut debt to ₹25,000 cr by FY21 end: Chandrasekaran

Tanya Thomas
tanya.t@livemint.com
MUMBAI

N. Chandrasekaran, Tata Power chairman. MINT

Tata Power Ltd is working to cut its gross debt to less than ₹25,000 crore by the end of this financial year, chairman N. Chandrasekaran said. The company had a consolidated gross debt of ₹48,376 crore and net debt of ₹43,559 crore as on 31 March.

"By fiscal 2017, Tata Power had reached gross debt of close to ₹49,000 crore. We decided to focus on reducing this leverage by half," Chandrasekaran said at the company's annual general meeting on Thursday.

"We have a clear plan to achieve our target by the end of this fiscal year by completing the balance non-core asset sale and raising nearly ₹1,500-2,000 crore; restructuring our renewables business by transferring it into an infrastructure investment trust and by Tata Sons injecting ₹2,600 crore in preference equity."

The firm plans to restructure its renewables business by transferring it into an infrastructure investment trust

"With these measures, we will end this year with a debt of around ₹25,000 crore, bringing down the debt-to-equity ratio to close to 1. This will also move the net debt-to-Ebitda (earnings before interest, tax, depreciation, amortization) ratio closer to 3, (significantly) strengthening our balance sheet and lowering financing costs," he said. Expressing his dissatisfaction with the progress on the 4-gigawatt (GW) Coastal Gujarat Power Ltd plant, which needed an investment of ₹24,000 crore, and loss funding of ₹10,000 crore, Chandrasekaran said: "CGPL Mundra continues to be a drag on the financials and will likely to need further support. While a number of discussions have happened with the five state government procurers, it is unfortunate that we do not yet have clarity on a resolution. But for now, we see some relief from lower coal prices."

Mint had reported that Gujarat has decided to reverse its 2018 plan to amend power purchase pacts with Tata Power, Adani Power and Essar Power that allowed them to hike tariffs and offset rising cost of imported coal. Renewable energy and power distribution are two focus areas for growth, said Chandrasekaran, adding the firm will scale up both manufacturing of solar cells and modules, and the solar EPC business. It also plans a capacity addition of 10 GW over the next five years.

Covid vaccination effort set to dwarf previous exercises

Neetu Chandra Sharma
neetu.s@livemint.com
NEW DELHI

India will need to administer the covid-19 vaccine on a much larger scale than other vaccines when it becomes available, the Union health ministry said on Thursday as the number of cases breached 1.6 million, with 35,712 fatalities. The Centre said India has made progress in two indigenous vaccines, which are undergoing Phase 1 and 2 clinical trials on more than 1,000 subjects, each.

"We have begun to actively engage with stakeholders within and outside the government on prioritizing distribution and administering of covid-19 vaccines, as and when they become available," said Rajesh Bhushan, secretary, Union health ministry. "There is near unanimity on the need to administer covid-19 vaccine on a much larger scale than other vaccines. Apart from questions regarding logistics, this poses many ethical questions, which are still being deliberated upon within the central government," he said.

A medical worker collects a swab sample from a New Delhi resident on Thursday. REUTERS

DELHI DEATH TOLL CLOSE TO 4,000

INDIA	
1,632,422 Total cases	35,712 Deaths
1,053,478 Recovered	543,232 Active cases
GLOBAL	
17,067,754 Total cases	
667,935 Deaths	
9,995,277 Recovered	6,404,542 Active cases

Source: Union health ministry, states

The ministry said India is not looking at developing herd immunity as a strategic option or choice as with a population of 138 crore, it can only come at a very "high cost". "Herd immunity is a kind of indirect protection from an infectious disease, such as covid-19, which happens only when a population becomes immune, either through vaccination or previous infection. We need to sustain covid-appropriate behaviour, and herd immunity is not a choice or option for India," said Bhushan.

India plays a leading role in both Gavi, the Vaccine Alliance, a public-private global health partnership, which aims to increase access to immunization in poor countries, and the Coalition for Epidemic Preparedness Innovations, the government said. A dedicated facility for vaccines called COVAX has also been developed. The World Health Organization (WHO) has evolved the Access to Covid-19 Tools (ACT) accelerator to speed up the development, production and equitable access to new covid-19 diagnostics, drugs and vaccines.

Meanwhile, the government has received 131 insurance claims for covid-19 healthcare workers. Of these, 20 cases have been settled, while 64 are under process, and 47 are with state governments. The maximum cases were in Maharashtra, Delhi and Telangana, Bhushan said.

The Union health ministry is, meanwhile, taking technical inputs from domain knowledge experts and is preparing to issue guidelines for operating gymnasiums and yoga centres, which will be allowed to reopen from 5 August, when the country enters the next phase with Unlock 3.

FMCG growth may stay flat

FROM PAGE 1

dairy brand Amul.

However, some early green shoots were visible in June when India eased lockdown restrictions. FMCG sales registered 4.5% year-on-year value growth in June, suggesting that shoppers stepped out to buy more goods.

Nielsen said an improvement in demand will hinge on how India tackles the surge in covid cases. "We are expecting some growth in the third quarter, but we are expecting faster growth in the fourth quarter as the festive season will fall more in the December quarter. I wouldn't be surprised if the third quarter delivered similar growth to that seen in June," said Prasun Basu, South Asia zone president, Nielsen Global Connect.

Nielsen said an improvement in demand will hinge on how the country tackles the surge in covid cases

India's largest packaged consumer goods firm Hindustan Unilever Ltd reported a 51% jump in its foods and refreshment business in the June quarter driven by demand.

"Looking at the way things were—food was definitely driving growth, unlock onwards non-food FMCG has also bounced back. FMCG would grow at mid-high single digit," said Mayank Shah, senior category head, Parle Products.

In the three months to June, growth in rural markets and small towns outpaced that of metros.

Basu said rural will continue to outperform large cities driven by multiple factors, including government welfare schemes.

Gireesh Prasad contributed to this report.

ਸ਼ੁੱਕਰਵਾਰ
31 ਜੁਲਾਈ 2020
16 ਸਾਵਣ
16 ਸਾਵਣ, ਨਾਨਕਸ਼ਾਹੀ ਸੰਮਤ 552
ਪੰਨੇ 12 ਮੁੱਲ 3.00 ਰੁ:

DESH SEWAK
ਦੇਸ਼ ਸੇਵਕ
ਨਿੱਗਰ ਸੋਚ, ਨਿਡਰ ਆਵਾਜ਼

Subscribe to Desh Sewak youtube Channel

● www.deshsewak.org ● email : newsdeshsewak@gmail.com ● http://www.youtube.com/c/DESHSEWAKORG

INS No. : 50733 | ਜਿਲਦ ਨੰ : 25, ਅੰਕ : 210 | ਪੋਸਟਲ ਰਜਿ. ਨੰ: CHD/0035/2018-2020 | RNI REGD. NO. 62951/95

ਅਹਿਮ ਫੋਨ ਨੰਬਰ
ਇਸ਼ਤਿਹਾਰ ਵਿਭਾਗ
0172-2657257
7657920056
ਈਮੇਲ : deshadvt@gmail.com
ਨਿਊਜ਼ ਡੈਸਕ : 0172-2657256
ਸਕਿਓਰਿਟੀ ਤੇ ਰਿਸੈਪਸ਼ਨ
0172-2657258
ਫੈਕਸ ਨੰਬਰ : 0172-2657118
ਐਮ.ਡੀ. ਦੇਸ਼ ਸੇਵਕ

ਹਰਡ ਇਮਿਊਨਟੀ ਭਾਰਤ 'ਚ ਨਾ ਰਣਨੀਤੀ ਹੋ ਸਕਦੀ ਤੇ ਨਾ ਬਦਲ : ਸਿਹਤ ਮੰਤਰਾਲਾ

ਕੋਵਿਡ-19 ਦੇ ਇੱਕ ਦਿਨ 'ਚ ਆਏ 52,123 ਨਵੇਂ ਮਾਮਲੇ

ਏਜੰਸੀਆਂ

ਨਵੀਂ ਦਿੱਲੀ/30 ਜੁਲਾਈ : ਦੇਸ਼ 'ਚ ਕੋਰੋਨਾ ਵਾਇਰਸ ਮਹਾਮਾਰੀ 'ਕੋਵਿਡ-19' ਦੇ ਮਾਮਲੇ ਜਿੱਥੇ ਤੇਜ਼ੀ ਨਾਲ ਵਧ ਰਹੇ ਹਨ, ਉਥੇ ਹੀ ਦਿੱਲੀ ਅਤੇ ਮੁੰਬਈ ਵਿੱਚ ਸੀਰੋ ਸਰਵੇ ਤੋਂ ਬਾਅਦ ਉਮੀਦ ਜਾਗੀ ਸੀ ਕਿ ਹਰਡ ਇਮਯੂਨਿਟੀ (ਸਮੂਹਿਕ ਰੋਗ-ਪ੍ਰਤੀਰੋਗਤਾ) ਦੀ ਵਜ੍ਹਾ ਨਾਲ ਕੋਰੋਨਾ ਦੇ ਕਹਿਰ ਤੋਂ ਸ਼ਾਇਦ ਜਲਦ ਹੀ ਨਿਜ਼ਾਤ ਮਿਲ ਜਾਵੇ, ਹਾਲਾਂਕਿ ਵਿਗਿਆਨੀਆਂ ਦਾ ਕਹਿਣਾ ਹੈ ਕਿ ਹਰਡ ਇਮਯੂਨਿਟੀ ਜਿਹੀ ਸਥਿਤੀ ਆਈ ਵੀ ਤਾਂ ਉਹ ਕੁਝ ਖਾਸ ਇਲਾਕਿਆਂ ਤੱਕ ਹੀ ਸੀਮਤ ਰਹੇਗੀ, ਕੌਮੀ ਪੱਧਰ 'ਤੇ ਨਹੀਂ। ਕੇਂਦਰੀ ਸਿਹਤ ਮੰਤਰਾਲੇ ਨੇ ਵੀ ਇਹ ਗੱਲ ਕਹੀ ਹੈ। ਸਿਹਤ ਮੰਤਰਾਲੇ ਦੇ ਸਕੱਤਰ ਰਜੇਸ਼ ਭੂਸ਼ਣ ਨੇ ਵੀਰਵਾਰ ਨੂੰ ਕੋਰੋਨਾ 'ਤੇ ਹੋਈ ਸੰਖੇਪ ਚਰਚਾ ਵਿੱਚ ਸਪੱਸ਼ਟ ਕੀਤਾ ਕਿ ਇਸ ਮਹਾਮਾਰੀ ਨੂੰ ਮਾਤ ਦੇਣ ਲਈ ਭਾਰਤ ਜਿਹੀ ਵੱਡੀ ਅਬਾਦੀ ਵਾਲੇ ਦੇਸ਼ ਵਿੱਚ ਹਰਡ ਇਮਯੂਨਿਟੀ ਕਦੇ ਵੀ ਰਣਨੀਤੀ ਨਹੀਂ ਹੋ ਸਕਦੀ ਅਤੇ ਨਾ ਹੀ ਬਦਲ ਤੇ ਦੇਸ਼ ਵਿੱਚ ਇਸ ਬਿਮਾਰੀ ਦੇ ਸਮੂਹਿਕ ਪਸਾਰ ਦੀ ਸਥਿਤੀ ਵੀ ਨਹੀਂ ਹੈ। ਸਿਹਤ ਮੰਤਰਾਲੇ ਦੀ ਪ੍ਰੈਸ ਕਾਨਫਰੰਸ ਵਿੱਚ ਜਦੋਂ ਭਾਰਤ ਵਿੱਚ

ਕੋਵਿਡ-19 ਦੇ ਸਮੂਹਿਕ ਪਸਾਰ ਬਾਰੇ ਸਵਾਲ ਕੀਤਾ ਗਿਆ ਤਾਂ ਅਧਿਕਾਰੀ ਨੇ ਤੱਥਾਂ ਦੇ ਨਾਲ ਇਸ ਖਦਸ਼ੇ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ।

ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਕੋਵਿਡ-19 ਦਾ ਸਮੂਹਿਕ ਪਸਾਰ ਨਹੀਂ ਹੋਇਆ ਹੈ। ਉਧਰ ਸੀਰੋ ਸਰਵੇ ਦੇ ਨਤੀਜਿਆਂ ਦੇ ਆਧਾਰ 'ਤੇ ਪੂਰੇ ਦੇਸ਼ ਵਿੱਚ ਕੋਵਿਡ-19 ਖ਼ਿਲਾਫ਼ ਹਰਡ ਇਮਯੂਨਿਟੀ ਦੀ ਉਮੀਦ ਨਹੀਂ ਕਰਨੀ ਚਾਹੀਦੀ, ਵਿਗਿਆਨੀਆਂ ਦੀ ਵੀ ਇਹ ਰਾਏ ਹੈ।

ਪਿਛਲੇ 24 ਘੰਟਿਆਂ ਦੇ ਅੰਦਰ ਦੇਸ਼ ਭਰ 'ਚ 52,123 ਨਵੇਂ ਮਾਮਲੇ ਸਾਹਮਣੇ ਆਏ ਹਨ। ਪਹਿਲੀ ਵਾਰ ਭਾਰਤ (ਬਾਕੀ ਸਫ਼ਾ 2 'ਤੇ)

ਪਲਾਜ਼ਮਾ ਮੁਫਤ ਮੁਹੱਈਆ ਹੋਵੇਗਾ : ਕੈਪਟਨ

ਕਿਹਾ, ਵੇਚਣ ਤੇ ਖਰੀਦਣ ਦੀ ਨਹੀਂ ਹੋਵੇਗੀ ਇਜਾਜ਼ਤ

ਵੀ. ਪੀ. ਸਿੰਘ ਨਾਗਰਾ

ਚੰਡੀਗੜ੍ਹ/30 ਜੁਲਾਈ : ਕੋਵਿਡ-19 ਦੇ ਫੈਲਾਅ ਅਤੇ ਮੌਤਾਂ ਦੀ ਦਰ ਵਧਣ ਦਰਮਿਆਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਾਰੇ ਲੋੜਵੰਦਾਂ ਨੂੰ ਪਲਾਜ਼ਮਾ ਮੁਫ਼ਤ ਮੁਹੱਈਆ ਕਰਵਾਇਆ ਜਾਵੇਗਾ।

ਕੈਪਟਨ ਅਮਰਿੰਦਰ ਸਿੰਘ ਨੇ ਸਿਹਤ ਵਿਭਾਗ ਨੂੰ ਇਹ ਯਕੀਨੀ ਬਣਾਉਣ ਦੇ ਸਖ਼ਤ ਆਦੇਸ਼ ਦਿੱਤੇ ਕਿ ਕੋਵਿਡ ਦੇ ਮਰੀਜ਼ਾਂ ਤੋਂ ਪਲਾਜ਼ਮਾ ਥੈਰੇਪੀ ਦੀ ਕੋਈ ਕੀਮਤ ਨਾ ਵਸੂਲੀ ਜਾਵੇ ਅਤੇ ਇਹ ਵੀ ਕਿ ਕਿਸੇ ਨੂੰ ਵੀ ਪਲਾਜ਼ਮਾ ਖਰੀਦਣ ਜਾਂ ਵੇਚਣ ਦਾ ਅਖਤਿਆਰ ਨਹੀਂ ਹੈ, ਕਿਉਂ ਜੋ ਪਲਾਜ਼ਮਾ ਕਰੋਨਾਵਾਇਰਸ ਦੇ ਕਿਸੇ ਵੀ ਇਲਾਜ ਦੀ ਅਣਹੋਂਦ ਵਿੱਚ ਕਈ ਮਾਮਲਿਆਂ ਵਿੱਚ ਜਾਨਾਂ ਬਚਾਉਣ ਵਿੱਚ ਸਹਾਈ ਸਾਬਤ ਹੋਇਆ ਹੈ।

ਮੁੱਖ ਮੰਤਰੀ ਨੇ ਤੰਦਰੁਸਤ ਹੋਏ ਕੋਵਿਡ ਦੇ ਮਰੀਜ਼ਾਂ ਨੂੰ ਕੋਵਿਡ ਦੇ ਮਰੀਜ਼ਾਂ ਦੀਆਂ ਜਾਨਾਂ ਬਚਾਉਣ ਲਈ

ਜਿੰਮ ਤੇ ਕੋਚਿੰਗ ਸੈਂਟਰਾਂ ਨੂੰ ਖੋਲ੍ਹਣ ਸਮੇਤ ਅਨਲਾਕ 3.0 ਦੀਆਂ ਛੋਟਾਂ ਬਾਰੇ ਡੀਸੀਜ਼ ਤੋਂ ਮੰਗੇ ਸੁਝਾਅ

ਅੱਗੇ ਆਉਣ ਦੀ ਅਪੀਲ ਕੀਤੀ।

ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕੋਵਿਡ ਦੇ ਪ੍ਰਬੰਧਾਂ ਦੀ ਸਮੀਖਿਆ ਲਈ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ ਇਕ ਮੀਟਿੰਗ ਮੌਕੇ ਅਜਿਹੇ ਮਰੀਜ਼ਾਂ ਨੂੰ ਆਪਣਾ ਪਲਾਜ਼ਮਾ ਦਾਨ (ਬਾਕੀ ਸਫ਼ਾ 2 'ਤੇ)

30 ਸਤੰਬਰ ਤੱਕ ਲਈਆਂ ਜਾਣਗੀਆਂ ਆਖਰੀ ਸਾਲ ਦੀਆਂ ਪ੍ਰੀਖਿਆਵਾਂ : ਯੂਜੀਸੀ

ਏਜੰਸੀਆਂ

ਨਵੀਂ ਦਿੱਲੀ/30 ਜੁਲਾਈ : ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਨੇ ਸੁਪਰੀਮ ਕੋਰਟ 'ਚ ਵੀਰਵਾਰ ਨੂੰ ਦੱਸਿਆ ਹੈ ਕਿ ਦੇਸ਼ ਭਰ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ 'ਚ ਡਿਗਰੀਆਂ ਦੀਆਂ ਆਖਰੀ ਸਾਲ ਦੀਆਂ ਪ੍ਰੀਖਿਆਵਾਂ ਕਰਵਾਉਣ ਲਈ ਨੋਟੀਫਿਕੇਸ਼ਨ ਜਾਰੀ ਕਰਨ ਦਾ ਉਸਦਾ ਆਦੇਸ਼ ਵਿਦਿਆਰਥੀਆਂ ਦੇ ਭਵਿੱਖ ਨੂੰ ਸੰਭਾਲਣਾ ਹੈ। ਯੂਜੀਸੀ ਨੇ ਸਰਬ ਉਚ (ਬਾਕੀ ਸਫ਼ਾ 2 'ਤੇ)

ਪ੍ਰਿਯੰਕਾ ਗਾਂਧੀ ਵਾਡਰਾ ਨੇ ਸਰਕਾਰੀ ਬੰਗਲਾ ਕੀਤਾ ਖਾਲੀ

ਏਜੰਸੀਆਂ

ਨਵੀਂ ਦਿੱਲੀ/30 ਜੁਲਾਈ : ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਨਵੀਂ ਦਿੱਲੀ ਦੇ ਲੋਧੀ ਐਸਟੇਟ ਇਲਾਕੇ 'ਚ ਸਥਿਤ ਆਪਣਾ ਸਰਕਾਰੀ ਬੰਗਲਾ ਵੀਰਵਾਰ ਨੂੰ ਖਾਲੀ ਕਰ ਦਿੱਤਾ ਹੈ। ਪ੍ਰਿਯੰਕਾ ਨਾਲ ਜੁੜੇ ਸੂਤਰਾਂ ਨੇ ਦੱਸਿਆ ਕਿ ਉਹ ਹਾਲੇ ਕੁਝ ਦਿਨ ਗੁਰੂਗ੍ਰਾਮ 'ਚ ਰਹੇਗੀ ਅਤੇ ਫਿਰ ਮੱਧ ਦਿੱਲੀ ਇਲਾਕੇ ਦੇ ਇਕ ਘਰ 'ਚ ਰਹਿਣ ਚੱਲੀ ਆਏਗੀ। ਸੂਤਰਾਂ ਦਾ ਕਹਿਣਾ ਹੈ ਕਿ ਪ੍ਰਿਯੰਕਾ ਨੇ ਮੱਧ ਦਿੱਲੀ 'ਚ ਆਪਣੇ ਰਹਿਣ ਲਈ ਜੋ ਘਰ ਤੈਅ ਕੀਤਾ ਹੈ, ਉਸ ਦੀ ਰੰਗਾਈ ਅਤੇ ਮੁਰੰਮਤ ਦਾ ਕੰਮ ਚੱਲ ਰਿਹਾ ਹੈ। ਦੱਸਣਾ ਬਣਦਾ ਹੈ ਕਿ ਕੇਂਦਰੀ ਰਿਹਾਇਸ਼ ਅਤੇ ਸ਼ਹਿਰੀ ਕਾਰਜ ਮੰਤਰਾਲੇ ਨੇ ਪ੍ਰਿਯੰਕਾ ਨੂੰ ਨਵੀਂ ਦਿੱਲੀ ਸਥਿਤ ਸਰਕਾਰੀ ਬੰਗਲਾ ਇਕ ਅਗਸਤ ਤੱਕ ਖਾਲੀ ਕਰਨ ਨੂੰ ਕਿਹਾ ਹੈ।

ਗਲਵਾਨਘਾਟੀ 'ਚ ਸ਼ਹੀਦ ਫੌਜੀਆਂ ਦੇ ਨਾਂ ਰਾਸ਼ਟਰੀ ਸਮਾਰਕ 'ਤੇ ਜਾਣਗੇ ਲਿਖੇ

ਏਜੰਸੀਆਂ

ਨਵੀਂ ਦਿੱਲੀ/30 ਜੁਲਾਈ : ਪੂਰਬੀ ਲੱਦਾਖ ਦੀ ਗਲਵਾਨ ਘਾਟੀ 'ਚ ਚੀਨੀ ਫੌਜੀਆਂ ਨਾਲ ਝੜਪ 'ਚ ਸ਼ਹੀਦ ਹੋਏ 20 ਭਾਰਤੀ ਫੌਜ ਕਰਮੀਆਂ ਦੇ ਨਾਂ ਇੱਥੇ ਰਾਸ਼ਟਰੀ ਸਮਰ ਸਮਾਰਕ (ਬਾਕੀ ਸਫ਼ਾ 2 'ਤੇ)

ਕੇਂਦਰ ਰਾਜਾਂ ਨੂੰ ਜੀਐਸਟੀ ਮੁਆਵਜ਼ੇ ਦੇ ਬਕਾਏ ਦੀ ਅਦਾਇਗੀ ਤੁਰੰਤ ਕਰੇ : ਸੀਪੀਆਈ (ਐਮ)

ਆਈਏਐਨਐਸ

ਨਵੀਂ ਦਿੱਲੀ/30 ਜੁਲਾਈ : ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਪੋਲਿਟ ਬਿਊਰੋ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਿਛਲੇ ਵਿੱਤੀ ਸਾਲ ਦੇ ਚਾਰ ਮਹੀਨਿਆਂ ਬਾਅਦ, ਕੇਂਦਰ ਨੇ ਆਖਰਕਾਰ 31 ਮਾਰਚ ਤੱਕ ਰਾਜਾਂ ਨੂੰ ਜੀਐਸਟੀ ਮੁਆਵਜ਼ੇ ਦਾ ਭੁਗਤਾਨ ਕਰ ਦਿੱਤਾ ਹੈ। ਹਾਲਾਂਕਿ, ਵਿੱਤ ਸਕੱਤਰ ਨੇ ਸੰਸਦੀ ਸਥਾਈ ਕਮੇਟੀ ਨੂੰ ਦੱਸਿਆ ਕਿ ਸਰਕਾਰ ਇਸ ਵਿੱਤੀ ਸਾਲ, 2020-21 ਲਈ ਮੌਜੂਦਾ ਮਾਲੀਆ ਸਾਂਝਾ ਕਰਨ ਦੇ ਫਾਰਮੂਲੇ ਵਜੋਂ ਰਾਜਾਂ ਦੇ ਜੀਐਸਟੀ ਹਿੱਸੇ ਨੂੰ ਅਦਾ ਕਰਨ ਦੀ ਸਥਿਤੀ ਵਿੱਚ ਨਹੀਂ ਹੈ।

ਰਾਜ ਸਰਕਾਰਾਂ ਨੂੰ ਜੀਐਸਟੀ ਲਾਗੂ ਕਰਨ ਦੇ ਪਹਿਲੇ ਪੰਜ ਸਾਲਾਂ ਲਈ ਕੇਂਦਰ ਤੋਂ ਮੁਆਵਜ਼ੇ ਦੀ ਗਰੰਟੀ ਦਿੱਤੀ ਗਈ ਸੀ। ਜੀਐਸਟੀ ਦੇ ਬਦਲੇ ਇਹ ਮੁਆਵਜ਼ਾ ਰਾਜਾਂ ਦਾ ਮਾਲੀਆ ਵਧਾਉਣ ਲਈ ਕੁਝ ਅਸਿੱਧੇ ਟੈਕਸ ਲਗਾਉਣ ਦੀਆਂ ਸ਼ਕਤੀਆਂ ਖੋਹਣ ਦੇ ਬਦਲੇ ਸੀ।

ਰਾਜਾਂ ਲਈ ਮੁਆਵਜ਼ੇ ਸਬੰਧੀ ਇਹ ਫੈਸਲਾ ਜੀਐਸਟੀ ਕਾਨੂੰਨ ਦਾ (ਬਾਕੀ ਸਫ਼ਾ 2 'ਤੇ)

ਪੰਜਾਬ 'ਚ ਪੀੜਤਾਂ ਦਾ ਅੰਕੜਾ 15 ਹਜ਼ਾਰ ਤੋਂ ਪਾਰ

ਇੱਕ ਦਿਨ 'ਚ 568 ਮਾਮਲੇ, 9 ਮੌਤਾਂ

ਦੇਸ਼ ਸੇਵਕ ਨਿਊਜ਼ ਸਰਵਿਸ

ਚੰਡੀਗੜ੍ਹ/30 ਜੁਲਾਈ : ਪੰਜਾਬ ਵਿਚ ਕੋਰੋਨਾ ਵਾਇਰਸ ਦੇ ਵੀਰਵਾਰ ਨੂੰ 15 ਜ਼ਿਲ੍ਹਿਆਂ 'ਚੋਂ 568 ਨਵੇਂ ਮਾਮਲੇ ਆਉਣ ਨਾਲ ਮਰੀਜ਼ਾਂ ਦੀ ਗਿਣਤੀ 15,456 'ਤੇ ਪੁੱਜ ਗਈ ਹੈ ਅਤੇ 9 ਹੋਰ ਮੌਤਾਂ ਹੋਣ ਨਾਲ ਮ੍ਰਿਤਕਾਂ ਦਾ ਅੰਕੜਾ 370 ਹੋ ਗਿਆ ਹੈ। ਪੰਜਾਬ ਵਿਚ ਹਾਲੇ ਕੋਰੋਨਾ ਦੇ ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ 4577 ਹੈ ਅਤੇ ਕੋਰੋਨਾ ਪਾਜ਼ੇਟਿਵ 10509 ਮਰੀਜ਼ ਠੀਕ ਹੋ ਕੇ ਘਰਾਂ ਨੂੰ ਜਾ ਚੁੱਕੇ ਹਨ।

ਸੂਬੇ ਵਿਚ ਹੁਣ ਤੱਕ ਸ਼ੱਕੀ ਮਰੀਜ਼ਾਂ ਗਿਣਤੀ 572067 ਹੈ, ਜਿਨ੍ਹਾਂ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ। ਵੀਰਵਾਰ ਨੂੰ 568 ਨਵੇਂ ਮਾਮਲੇ ਮਿਲੇ ਹਨ, ਜਿਨ੍ਹਾਂ ਵਿਚੋਂ ਲੁਧਿਆਣਾ 'ਚ 143, ਜਲੰਧਰ 'ਚ 67, ਅੰਮ੍ਰਿਤਸਰ (ਬਾਕੀ ਸਫ਼ਾ 2 'ਤੇ)

ਦਰਿਆਈ ਪਾਣੀਆਂ ਤੇ ਪੰਜਾਬ ਦੇ ਹੋਰ ਮੁੱਦਿਆਂ 'ਤੇ ਪੰਜਾਬ ਸਰਕਾਰ ਤੁਰੰਤ ਧਿਆਨ ਦੇਵੇ : ਕਾਮਰੇਡ ਸੇਖੋਂ

ਦੇਸ਼ ਸੇਵਕ ਬਿਊਰੋ

ਚੰਡੀਗੜ੍ਹ/30 ਜੁਲਾਈ : ਸੀਪੀਆਈ (ਐਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਸੂਬਾ ਸਰਕਾਰ ਦਰਿਆਈ ਪਾਣੀਆਂ ਦੀ ਨਿਆਂਪੂਰਨ ਵੰਡ ਤੇ ਪੰਜਾਬ ਦੇ ਹੋਰ ਮੁੱਦਿਆਂ 'ਤੇ ਤੁਰੰਤ ਧਿਆਨ ਦੇਵੇ। ਇਸੇ ਤਰ੍ਹਾਂ ਐਸਵਾਈਐਲ ਸਬੰਧੀ ਜੋ ਕੇਸ ਸੁਪਰੀਮ ਕੋਰਟ ਵਿੱਚ ਚੱਲ ਰਿਹਾ ਹੈ, ਉਸ ਵਿੱਚ ਪੰਜਾਬ ਸਰਕਾਰ ਆਪਣਾ ਪੱਖ ਮਜ਼ਬੂਤੀ ਨਾਲ ਰੱਖੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਜਨਵਰੀ ਮਹੀਨੇ ਵਿੱਚ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਅਤੇ ਦਰਿਆਈ ਪਾਣੀਆਂ 'ਤੇ ਸੂਬੇ ਦੇ ਹੱਕ ਦਾ ਏਜੰਡਾ ਰੱਖ ਕੇ ਚੰਡੀਗੜ੍ਹ ਵਿਖੇ ਸਰਬ ਪਾਰਟੀ ਮੀਟਿੰਗ ਬੁਲਾਈ ਸੀ।

ਉਨ੍ਹਾਂ ਕਿਹਾ ਕਿ ਇਸ ਮੀਟਿੰਗ ਵਿੱਚ ਸ਼ਾਮਲ ਸਾਰੀਆਂ ਪਾਰਟੀਆਂ ਨੇ ਮੁੱਖ ਮੰਤਰੀ ਨੂੰ ਅਧਿਕਾਰਤ ਕੀਤਾ ਸੀ ਕਿ ਉਹ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰਨ ਲਈ ਸਮਾਂ ਮੰਗਣਗੇ, ਪਰ ਕਈ ਮਹੀਨੇ ਲੰਘ ਜਾਣ ਦੇ ਬਾਵਜੂਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਸਬੰਧੀ ਕੋਈ ਯਤਨ ਨਹੀਂ ਕੀਤਾ। ਕਾਮਰੇਡ ਸੇਖੋਂ ਨੇ ਕਿਹਾ ਕਿ ਸੀਪੀਆਈ(ਐਮ) ਨੇ ਇਸ ਮੀਟਿੰਗ ਵਿੱਚ ਪੱਖ ਰੱਖਿਆ ਸੀ ਕਿ ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਖੀ ਲਈ (ਬਾਕੀ ਸਫ਼ਾ 2 'ਤੇ)

ਮਣੀਪੁਰ : ਫੌਜ 'ਤੇ ਘਾਤ ਲਾ ਕੇ ਦਹਿਸ਼ਤੀ ਹਮਲਾ, 3 ਜਵਾਨ ਸ਼ਹੀਦ, 6 ਜ਼ਖ਼ਮੀ

ਏਜੰਸੀਆਂ

ਮਣੀਪੁਰ/30 ਜੁਲਾਈ : ਮਣੀਪੁਰ ਵਿਚ ਫ਼ੌਜ ਦੇ ਜਵਾਨਾਂ 'ਤੇ ਘਾਤ ਲਾ ਕੇ ਹਮਲਾ ਕੀਤੇ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਇਸ ਹਮਲੇ ਵਿਚ ਫ਼ੌਜ ਦੇ 3 ਜਵਾਨ ਸ਼ਹੀਦ ਹੋ ਗਏ, ਜਦਕਿ 6 ਜਵਾਨ ਜ਼ਖਮੀ ਹੋਏ ਹਨ।

ਘਟਨਾ ਬੁੱਧਵਾਰ ਰਾਤ ਸਵਾ ਇਕ ਵਜੇ ਦੇ ਕਰੀਬ ਰਾਜਧਾਨੀ ਇੰਫਾਲ ਤੋਂ ਕਰੀਬ 95 ਕਿਲੋਮੀਟਰ ਦੂਰ ਚੰਦੇਲ ਜ਼ਿਲ੍ਹੇ ਵਿਚ ਵਾਪਰੀ। ਇਹ ਇੱਕ ਪਹਾੜੀ ਇਲਾਕਾ ਹੈ। ਦੱਸਣਾ ਬਣਦਾ ਹੈ ਕਿ ਭਾਰਤ-ਮਿਆਂਮਾਰ ਸਰਹੱਦ 'ਤੇ ਦਹਿਸ਼ਤਵਾਦੀ ਸਮੂਹਾਂ ਵਿਰੁੱਧ ਆਪਰੇਸ਼ਨ ਦੌਰਾਨ 4 ਅਸਾਮ ਰਾਈਫਲਜ਼ ਦੇ 3 ਜਵਾਨ ਸ਼ਹੀਦ ਹੋ ਗਏ। ਜਵਾਨਾਂ 'ਤੇ ਘਾਤ ਲਾ ਕੇ ਦਹਿਸ਼ਤਗਰਦਾਂ ਨੇ ਹਮਲਾ ਕੀਤਾ। ਇਸ ਹਮਲੇ ਵਿਚ 6 ਜਵਾਨ ਜ਼ਖਮੀ ਹੋ ਗਏ ਹਨ, ਜਿਨ੍ਹਾਂ ਨੂੰ ਇੰਫਾਲ ਦੇ ਪੱਛਮੀ ਜ਼ਿਲ੍ਹੇ ਦੇ ਆਰਮੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਦਰਅਸਲ 29 ਜੁਲਾਈ ਨੂੰ ਫ਼ੌਜ ਦੀ ਇਕਾਈ ਨੇ ਖੋਂਗਟਲ 'ਚ ਇਕ ਖੇਤਰ 'ਚ ਗਸ਼ਤ ਸ਼ੁਰੂ ਕੀਤੀ ਸੀ, ਜਦੋਂ ਗਸ਼ਤ ਟੀਮ ਵਾਪਸ ਆ ਰਹੀ ਸੀ ਤਾਂ ਦਹਿਸ਼ਤਗਰਦਾਂ ਨੇ (ਬਾਕੀ ਸਫ਼ਾ 2 'ਤੇ)



ਸਰਕਾਰੀ ਹਸਪਤਾਲ ਦੇ ਬਾਥਰੂਮ 'ਚ ਦਿੱਤਾ ਔਰਤ ਨੇ ਬੱਚੇ ਨੂੰ ਜਨਮ



ਖਰੜ੍ਹੀ 30 ਜੁਲਾਈ (ਹਰਮੀਤ ਸਿੰਘ) : ਸਥਾਨਕ ਸ਼ਹਿਰ ਦੇ ਸਿਵਲ ਹਸਪਤਾਲ ਵਿੱਚ ਬੁੱਧਵਾਰ ਰਾਤ ਡਿਲੀਵਰੀ ਲਈ ਦਾਖਿਲ ਹੋਈ ਪਰਵਾਸੀ ਔਰਤ ਨੇ ਬਾਥਰੂਮ ਜਾਣ ਦੌਰਾਨ ਉਥੇ ਹੀ ਬੱਚੇ ਨੂੰ ਜਨਮ ਦੇ ਦਿੱਤਾ। ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਹਸਪਤਾਲ ਦੀ ਐਮਰਜੈਂਸੀ ਵਿੱਚ ਮੌਜੂਦ ਮੈਡੀਕਲ ਸਟਾਫ ਨੇ ਤੁਰੰਤ ਕਾਰਵਾਈ ਕਰਦੇ ਹੋਏ ਜੱਚਾ ਅਤੇ ਬੱਚੇ ਨੂੰ ਮੈਡੀਕਲ ਟਰੀਟਮੇਂਟ ਦਿੰਦੇ ਹੋਏ ਹਾਲਤ ਨੂੰ ਸੰਭਾਲਿਆ। ਸਿਵਲ ਹਸਪਤਾਲ ਦੇ ਰਿਕਾਰਡ ਦੇ ਅਨੁਸਾਰ ਸ਼ਹਿਰ ਦੇ ਰੇਲਵੇ ਸਟੇਸ਼ਨ ਦੇ ਨਜ਼ਦੀਕ ਰਹਿਣ ਵਾਲੀ ਜੋਤੀ ਦੇਵੀ ਨਾਮਕ ਪਰਵਾਸੀ ਗਰਭਵਤੀ ਔਰਤ ਨੂੰ ਪਰਿਵਾਰ ਵੱਲੋਂ ਜਣੇਪਾ ਪੀੜਾ ਹੋਣ ਉੱਤੇ ਬੁੱਧਵਾਰ ਰਾਤ ਲੱਗਭੱਗ ਨੌ ਵਜੇ ਹਸਪਤਾਲ ਵਿੱਚ ਦਾਖਿਲ ਕਰਵਾਇਆ ਗਿਆ ਸੀ। ਦੇਰ ਰਾਤ ਲੱਗਭੱਗ 10: 55 ਉੱਤੇ ਉਕਤ ਗਰਭਵਤੀ ਔਰਤ ਬਾਥਰੂਮ ਗਈ ਜਿੱਥੇ ਉਸਨੇ ਬੱਚੇ ਨੂੰ ਜਨਮ ਦੇ ਦਿੱਤਾ।

ਐਮਰਜੈਂਸੀ ਵਿੱਚ ਮੌਜੂਦ ਮੈਡੀਕਲ ਸਟਾਫ ਨੇ ਜੱਚੇ ਬੱਚੇ ਨੂੰ ਸੰਭਾਲ ਲਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਹਸਪਤਾਲ ਦੇ ਐਸ ਐਮ ਓ ਡਾ ਭੁਪਿੰਦਰ ਸਿੰਘ ਨੇ ਦੱਸਿਆ ਕਿ ਬੁੱਧਵਾਰ ਰਾਤ ਹਸਪਤਾਲ ਵਿੱਚ ਤਿੰਨ ਡਿਲੀਵਰੀ ਕੇਸ ਆਏ ਸਨ। ਪਹਿਲੀ ਡਿਲੀਵਰੀ ਸਾਢੇ ਦਸ ਵਜੇ ਹੋਈ ਜਿਸ ਵਿੱਚ ਨਵਜੰਮੇ ਬੱਚੇ ਨੂੰ ਕੁੱਝ ਪ੍ਰਾਬਲਮ ਸਾਹਮਣੇ ਆਈ ਜਿਸਦੇ ਚਲਦੇ ਹਸਪਤਾਲ ਦਾ ਮੈਡੀਕਲ ਸਟਾਫ ਉਥੇ ਮੌਜੂਦ ਸੀ।

ਉਕਤ ਨਵਜੰਮੇ ਬੱਚੇ ਦੀ ਕੰਡੀਸ਼ਨ ਨੂੰ ਵੇਖਦੇ ਹੋਏ ਉਸਨੂੰ ਜੀ ਐਮ ਸੀ ਐਚ ਸੈਕਟਰ 16 ਚੰਡੀਗੜ ਰੈਫਰ ਕੀਤਾ ਗਿਆ ਸੀ। ਇਸ ਦੌਰਾਨ ਕਰੀਬ 25 ਮਿੰਟ ਬਾਅਦ ਜੋਤੀ ਨਾਮਕ ਔਰਤ ਆਪਣੇ ਆਪ ਹੀ ਟਾਇਲੇਟ ਚੱਲੀ ਗਈ ਜਿੱਥੇ ਉਸਨੇ ਬੱਚੇ ਨੂੰ ਜਨਮ ਦੇ ਦਿੱਤਾ। ਇਸ ਸਬੰਧ ਵਿੱਚ ਜਾਣਕਾਰੀ ਮਿਲਦੇ ਹੀ ਹਸਪਤਾਲ ਸਟਾਫ ਤੁਰੰਤ ਉਕਤ ਔਰਤ ਅਤੇ ਬੱਚੇ ਨੂੰ ਮੌਕੇ ਉੱਤੇ ਸੰਭਾਲਦੇ ਹੋਏ ਉਨ੍ਹਾਂ ਨੂੰ ਮੈਡੀਕਲ ਟਰੀਟਮੇਂਟ ਦੇ ਕੇ ਵਾਰਡ ਵਿੱਚ ਸ਼ਿਫਟ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਮਾਂ ਅਤੇ ਨਵਜਾਤ ਬੱਚਾ ਪੂਰੀ ਤਰ੍ਹਾਂ ਤੰਦਰੁਸਤ ਹੈ।

ਅੰਮ੍ਰਿਤਸਰ : ਕੋਰੋਨਾ ਦੇ 67 ਨਵੇਂ ਮਾਮਲੇ, ਇੱਕ ਮੌਤ

ਅੰਮ੍ਰਿਤਸਰ, 30 ਜੁਲਾਈ -ਜੋਗਿੰਦਰ ਪਾਲ ਸਿੰਘ ਕੁੰਦਰਾ : ਗੁਰੂ ਨਗਰੀ ਅੰਮ੍ਰਿਤਸਰ 'ਚ ਅੱਜ 67 ਨਵੇਂ ਪਾਜੀਟਿਵ ਮਰੀਜਾਂ ਦੇ ਆਉਣ ਦੀ ਪੁਸ਼ਟੀ ਕਰਦਿਆ ਸਿਹਤ ਵਿਭਾਗ ਵਲੋਂ ਜਾਰੀ ਮੈਡੀਕਲ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਅੱਜ ਪੁਸ਼ਟੀ ਹੋਏ ਕੇਸਾਂ ਵਿੱਚੋ 42 ਨਵੇ ਕੇਸ ਇਲਾਕਾ ਗਰੀਨ ਐਵੀਨਿਊ, ਦਾਲ ਮੰਡੀ, ਅਲਬਰਟ ਰੋਡ, ਮਹਿਤਾ,ਗੁਰੂ ਅਰਜਨ ਦੇਵ ਨਗਰ, ਇਦਰਾ ਕਲੋਨੀ, ਵਰਿੰਦਾਵਨ ਬਟਾਲਾ ਰੋਡ, ਕੋਰਟ ਰੋਡ, ਇਸਲਾਮਾਬਾਦ, ਸੋਹੀਆਂ ਕਲਾਂ, ਫਰੈਂਡਜ ਐਵੀਨਿਊ, ਰੰਛਾ ਸਿੰਘ ਕਲੋਨੀ, ਫਤਿਹਪੁਰ, ਨਰੇਣਪੁਰ ਬਟਾਲਾ, ਅਜਾਦ ਨਗਰ, ਅਜੀਤ ਨਗਰ, ਕੇਸਰੀ ਬਾਗ, ਤੇਜ ਨਗਰ, ਨਾਨੱਕੇ ਸੁਧਾਰ, ਖਾਸਾ ਕੈਂਟ, ਰਣਜੀਤ ਐਵੀਨਿਊ, ਸ਼ਾਸਤਰੀ ਨਗਰ, ਜੰਡਿਆਲਾ ਗੁਰੂ, ਜਸੋ ਨੰਗਲ,ਉਤਮ ਨਗਰ ਤਰਨ ਤਾਰਨ ਰੋਡ, ਬੋਪਾਰਾਏ, ਹੁਸੈਨਪੁਰਾ, ਕਾਲੇ (ਛੇਹਰਟਾ)ਰੇਲਵੇ ਵਰਕਸ਼ਾਪ ,ਜੰਗਦੇਵੇ ਕਾਲੋਨੀ, ਪਵਨਨਗਰ,ਜੰਡਿਆਲਾ, ਸੁੰਦਰ ਨਗਰ, ਗਰੀਨ ਫੀਲਡ,ਗੁਰੂ ਹਰਕ੍ਰਿਸ਼ਨ ਐਵੀਨਿਊ, ਦਫਤਰ ਪੁਲਿਸ ਕਮਿਸ਼ਨਰ,ਗੁਰੂ ਅਮਰਦਾਸ ਐਵੀਨਿਊ ਨਾਲ ਸੰਬੰਧਿਤ ਹਨ ।

ਜਦੋਂਕਿ ਬਾਕੀ 25 ਮਰੀਜ ਪਹਿਲਾਂ ਤੋ ਪਾਜੀਟਿਵ ਪਾਏ ਗਏ ਮਰੀਜਾਂ ਦੇ ਸੰਪਰਕ ਵਿੱਚ ਆਏ ਵਿਆਕਤੀ ਹਨ।ਇਸ ਤੋ ਇਲਾਵਾ ਇਕ 67 ਸਾਲਾ ਵਿਆਕਤੀ ਪ੍ਰੇਮ ਕੁਮਾਰ ਦੀ ਅੱਜ ਕੋਰੋਨਾ ਨਾਲ ਮੌਤ ਹੋ ਜਾਣ ਨਾਲ ਇਥੇ ਮਰਨ ਵਾਲਿਆ ਦੀ ਗਿਣਤੀ 74 ਹੋ ਗਈ ਹੈ।ਜਦੋਂਕਿ ਇਥੇ ਕੁਲ ਕੋਰੋਨਾ ਮਰੀਜਾਂ ਦੀ ਗਿਣਤੀ 1788 ਤੱਕ ਪੁੱਜ ਗਈ ਹੈ ਅਤੇ 1256 ਦੇ ਠੀਕ ਹੋਕੇ ਘਰ ਚਲੇ ਜਾਣ ਨਾਲ ਇਸ ਸਮੇ ਇਥੇ 448 ਐਕਟਿਵ ਮਰੀਜ ਜੇਰੇ ਇਲਾਜ ਹਨ।

ਮੋਟਰਸਾਈਕਲਾਂ ਦੀ ਟੱਕਰ 'ਚ 1 ਦੀ ਮੌਤ, 2 ਜ਼ਖ਼ਮੀ

ਧਨੌਲਾ ਮੰਡੀ, 30 ਜੁਲਾਈ (ਸੰਜੀਵ ਗਰਗ ਕਾਲੀ)- ਬੀਤੀ ਦੇਰ ਰਾਤ ਦਾਨਗੜ੍ਹ-ਕੱਟੂ ਲਿੰਕ ਸੜਕ 'ਤੇ 2 ਮੋਟਰ ਸਾਈਕਲਾਂ ਵਿਚਕਾਰ ਹੋਈ ਟੱਕਰ ਵਿਚ ਇੱਕ ਵਿਅਕਤੀ ਦੀ ਮੌਤ ਅਤੇ ਦੋ ਵਿਅਕਤੀਆਂ ਦੇ ਜਖਮੀ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਕੱਤਰ

ਕੀਤੀ ਜਾਣਕਾਰੀ ਅਨੁਸਾਰ ਕੁਲਵਿੰਦਰ ਸਿੰਘ ਪੁੱਤਰ ਰਾਮ ਸਿੰਘ ਵਾਸੀ- ਕੱਟੂ ਰਾਮਦਾਸੀਆ ਸਿੱਖ ਆਪਣੇ ਮੋਟਰਸਾਈਕਲ 'ਤੇ ਕਿਸੇ ਕੰਮ ਲਈ ਜਾ ਰਿਹਾ ਸੀ ਤਾਂ ਜਿਵੇਂ ਹੀ ਉਹ ਦਾਨਗੜ੍ਹ-ਕੱਟੂ ਰੋਡ 'ਤੇ ਬਣੀਆਂ ਕਲੋਨੀਆਂ ਨਜ਼ਦੀਕ ਪੁੱਜਾ ਤਾਂ ਉਸ ਦੀ ਟੱਕਰ ਸਾਹਮਣੇ ਤੋਂ ਆ ਰਹੇ ਮੋਟਰਸਾਈਕਲ ਜਿਸ 'ਤੇ ਕਾਕਾ ਸਿੰਘ ਪੁੱਤਰ ਜੰਟਾ ਸਿੰਘ ਅਤੇ ਕੁਲਦੀਪ ਸਿੰਘ ਪੁੱਤਰ ਭੋਲਾ ਸਿੰਘ ਵਾਸੀ- ਮੌਜੋ ਜ਼ਿਲ੍ਹਾ ਮਾਨਸਾ ਸਵਾਰ ਸਨ ਨਾਲ ਹੋ ਗਈ। ਜਿਸ ਨਾਲ ਕੁਲਵਿੰਦਰ ਸਿੰਘ ਗੰਭੀਰ ਜਖਮੀ ਹੋ ਗਿਆ ਤੇ ਉਸਨੂੰ ਧਨੌਲਾ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਜਿੱਥੇ ਉਸਨੂੰ ਮੁੱਢਲੀ ਸਹਾਇਤਾ ਦੇਣ ਉਪਰੰਤ ਪਟਿਆਲਾ ਵਿਖੇ ਰੈਫਰ ਕਰ ਦਿੱਤਾ ਗਿਆ ਜਿੱਥੇ ਇਲਾਜ ਦੌਰਾਨ ਅੱਜ ਉਸਦੀ ਮੌਤ ਹੋ ਗਈ।

ਜਦਕਿ ਦੋਨੋਂ ਜਖਮੀ ਮੋਟਰਸਾਈਕਲ ਸਵਾਰਾਂ ਨੂੰ ਧਨੌਲਾ ਹਸਪਤਾਲ ਵਿਖੇ ਲਿਆਂਦਾ ਗਿਆ। ਥਾਣੇਦਾਰ ਕਰਮਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਦੇ ਬਿਆਨਾ ਦੇ ਆਧਾਰ 'ਤੇ 174 ਦੀ ਕਾਰਵਾਈ ਕਰਦਿਆਂ ਲਾਸ਼ ਦਾ ਪੋਸਟ ਮਾਰਟਮ ਕਰਵਾਕੇ ਲਾਸ਼ ਵਾਰਿਸਾਂ ਹਵਾਲੇ ਕਰ ਦਿੱਤੀ ਜਾਵੇਗੀ।

ਸੜਕ ਹਾਦਸੇ 'ਚ ਨੌਜਵਾਨ ਦੀ ਮੌਤ

ਰਵਿੰਦਰ ਸਿੰਘ ਢੀਂਡਸਾ
ਫਤਹਿਗੜ੍ਹ ਸਾਹਿਬ, 30 ਜੁਲਾਈ
ਜ਼ਿਲਾ ਫਤਿਹਗੜ੍ਹ ਸਾਹਿਬ ਦੇ ਬਲਾਕ ਖੇੜਾ ਦੇ ਪਿੰਡ ਦਾਦੂਮਾਜਰਾ ਦੇ ਇੱਕ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ ਹੋ ਜਾਣ ਦਾ ਸਮਾਚਾਰ ਹੈ।ਮਿਲੀ ਜਾਣਕਾਰੀ ਅਨੁਸਾਰ ਸਨਦੀਪ ਸਿੰਘ(25) ਆਪਣੇ ਚਚੇਰੇ ਭਰਾ ਦੇ ਨਾਲ ਮੋਟਰਸਾਈਕਲ ਤੇ ਸਵਾਰ ਹੋ ਸਰਹਿੰਦ ਜਾ ਰਿਹਾ ਸੀ ਜੋ ਕਿ ਰਾਸਤੇ 'ਚ ਇੱਕ ਟਿੱਪਰ ਦੀ ਲਪੇਟ 'ਚ ਆਉਣ ਕਾਰਨ ਹਾਦਸੇ ਦਾ ਸ਼ਿਕਾਰ ਹੋ ਗਏ, ਜਿਸ ਵਿੱਚ ਸਨਦੀਪ ਸਿੰਘ ਗੰਭੀਰ ਰੂਪ 'ਚ ਜ਼ਖਮੀ ਹੋ ਗਿਆ ਜਦਕਿ ਉਸਦੇ ਚਚੇਰੇ ਭਰਾ ਦੇ ਮਾਮੂਲੀ ਸੱਟਾਂ ਲੱਗੀਆਂ।ਸਨਦੀਪ ਸਿੰਘ ਨੂੰ ਹਾਦਸੇ ਤੋਂ ਬਾਅਦ ਇਲਾਜ ਲਈ ਪਟਿਆਲਾ ਦੇ ਹਸਪਤਾਲ 'ਚ ਲਿਜਾਇਆ ਜਾ ਰਿਹਾ ਸੀ ਜਿਸ ਦੀ ਜ਼ਖਮਾਂ ਦੀ ਤਾਬ ਨਾ ਸਹਾਰਦਿਆਂ ਰਾਸਤੇ 'ਚ ਹੀ ਮੌਤ ਹੋ ਗਈ।ਮ੍ਰਿਤਕ ਸਨਦੀਪ ਸਿੰਘ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਤੇ ਉਸ ਦਾ ਸਿਰਫ 5 ਮਹੀਨੇ ਪਹਿਲਾਂ ਹੀ ਵਿਆਹ ਹੋਇਆ ਸੀ। ਮ੍ਰਿਤਕ ਸਨਦੀਪ ਸਿੰਘ ਵਿਦੇਸ਼ ਜਾਣ ਲਈ ਆਪਣੇ ਤੇ ਆਪਣੀ ਪਤਨੀ ਦੇ ਕਾਗਜ਼-ਪੱਤਰ ਤਿਆਰ ਕਰਵਾਉਣ ਲਈ ਸ਼ਹਿਰ ਆ ਰਿਹਾ ਸੀ।ਇਸ ਘਟਨਾ ਨਾਲ ਇਲਾਕੇ ਅੰਦਰ ਸੋਗ ਦੀ ਲਹਿਰ ਫੈਲ ਗਈ।

ਪ੍ਰਸ਼ਾਸਨ ਤੋਂ ਅੱਕੇ ਉਦੇਕਰਨ ਦੇ ਮਜ਼ਦੂਰਾਂ ਕੀਤੀ ਨਾਅਰੇਬਾਜ਼ੀ

ਬਾਰਿਸ਼ 'ਚ ਡੁੱਬੇ ਮਜ਼ਦੂਰਾਂ ਦੇ ਘਰ, ਪ੍ਰਸ਼ਾਸਨ ਨੇ ਨਹੀਂ ਲਈ ਸਾਰ

ਸ੍ਰੀ ਮੁਕਤਸਰ ਸਾਹਿਬ, 30 ਜੁਲਾਈ (ਕੇ.ਐਲ. ਮੁਕਸਰੀ)-ਪਾਣੀ ਦੀ ਢੁੱਕਵੀਂ ਨਿਕਾਸੀ ਨਾ ਹੋਣ ਕਾਰਨ ਅੱਕੇ ਪਿੰਡ ਉਦੇਕਰਨ ਦੇ ਮਜ਼ਦੂਰਾਂ ਵੱਲੋਂ ਦਿਹਾਤੀ ਮਜ਼ਦੂਰ ਸਭਾ ਦੀ ਅਗਵਾਈ 'ਚ ਵੀਰਵਾਰ ਨੂੰ ਬੀਡੀਪੀਓ ਦਫ਼ਤਰ ਅੱਗੇ ਰੋਹ ਭਰਪੂਰ ਪ੍ਰਦਰਸ਼ਨ ਕੀਤਾ। ਇਸ ਦੌਰਾਨ ਇਕੱਤਰ ਮਜ਼ਦੂਰਾਂ ਵੱਲੋਂ ਪ੍ਰਸ਼ਾਸਨ ਵਿਰੁੱਧ ਜੋਰਦਾਰ ਨਾਅਰੇਬਾਜ਼ੀ ਕੀਤੀ ਗਈ। ਆਗੂਆਂ ਨੇ ਕਿਹਾ ਕਿ ਗਰੀਬ ਮਜ਼ਦੂਰਾਂ ਦੇ ਹਰ ਵਰ੍ਹੇ ਬਾਰਿਸ਼ ਕਾਰਨ ਮਕਾਨ ਡਿੱਗ ਪੈਂਦੇ ਹਨ ਪਰ ਪ੍ਰਸ਼ਾਸਨ ਢੁੱਕਵੇਂ ਹੱਲ ਦੀ ਬਜਾਏ ਸਿਰਫ ਇਹ ਕਹਿ ਕੇ ਪੱਲਾ ਝਾੜ ਦਿੰਦਾ ਹੈ ਕਿ ਪ੍ਰਪੋਜ਼ਲ ਭੇਜਿਆ ਹੈ। ਮਜ਼ਦੂਰਾਂ ਨੇ [illegible] 'ਚ ਹਨ ਪਰ ਪ੍ਰਸ਼ਾਸਨ ਪ੍ਰੋਜਲ ਪਾਸ ਹੋਣ ਦੀ ਉਡੀਕ 'ਚ ਹੈ। ਹੜ੍ਹ ਰੋਕੂ ਪ੍ਰਬੰਧਾਂ ਦੇ ਵੱਡੇ-ਵੱਡੇ ਦਾਅਵੇ ਕਰਨ ਵਾਲਾ ਪ੍ਰਸ਼ਾਸਨ ਬਾਰਿਸ਼ ਦੇ ਦਿਨਾਂ 'ਚ ਲੋਕਾਂ ਦੀ ਸਾਰ ਤੱਕ ਨਹੀਂ ਲੈਂਦਾ। ਮਜ਼ਦੂਰਾਂ ਨੇ ਕਿਹਾ ਕਿ ਉਹ ਆਪਣੇ ਛੋਟੇ-ਛੋਟੇ ਬੱਚਿਆਂ ਨੂੰ ਲੈ ਕੇ ਸਰਕਾਰੀ ਸਕੂਲ 'ਚ ਬੈਠੇ ਹਨ।

ਪਿਛਲੇ ਕਈ ਦਿਨਾਂ ਤੋਂ ਉਨ੍ਹਾਂ ਦੇ ਘਰਾਂ 'ਚ ਬਾਰਿਸ਼ ਦਾ ਪਾਣੀ ਜਮ੍ਹਾਂ ਹੋਇਆ ਹੈ ਪਰ ਪ੍ਰਸ਼ਾਸਨ ਨੇ ਆ ਕੇ ਹਾਲ ਨਹੀਂ ਜਾਣਿਆ। ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਮਦਰੱਸਾ, ਜ਼ਿਲ੍ਹਾ ਮੀਤ ਪ੍ਰਧਾਨ ਹਰਪਾਲ ਸਿੰਘ ਸੰਗੂਧੌਣ ਤੇ ਕੈਸ਼ੀਅਰ ਕਰਮ ਸਿੰਘ ਮਦਰੱਸਾ ਨੇ [illegible] ਨੀਵੀਂ ਬਸਤੀ 'ਚ ਪਾਣੀ ਭਰ ਜਾਣ ਕਾਰਨ ਘਰ ਡੁੱਬ ਗਏ ਹਨ ਅਤੇ ਸਾਰੇ ਮਜ਼ਦੂਰ ਪਰਿਵਾਰ ਆਪਣਾ ਘਰ ਦਾ ਸਾਜ਼ੋ ਸਮਾਨ ਚੁੱਕ ਪਿੰਡ ਦੇ ਸਰਕਾਰੀ ਸਕੂਲ 'ਚ ਬੈਠ ਹਨ। ਸਰਕਾਰੀ ਸਕੂਲ 'ਚ ਦਸ ਦਿਨ ਹੋਣ ਦੇ ਬਾਵਜੂਦ ਪ੍ਰਸ਼ਾਸਨ ਤੇ ਪਿੰਡ ਦੀ ਪੰਚਾਇਤ ਨੇ ਕੋਈ ਸਾਰ ਨਹੀਂ ਲਈ। ਇਸ ਦੌਰਾਨ ਮਜ਼ਦੂਰਾਂ ਵੱਲੋਂ ਇਕ ਮੰਗ ਪੱਤਰ ਵੀ ਬੀਡੀਪੀਓ ਨੂੰ ਸੌਂਪਿਆ ਗਿਆ ਜਿਸ ਵਿੱਚ ਮੰਗ ਕੀਤੀ ਗਈ ਕਿ ਮੁਸੀਬਤ 'ਚ ਫਸੇ ਮਜ਼ਦੂਰਾਂ ਨੂੰ ਫੌਰੀ ਸਾਰਾ ਰਾਸ਼ਨ ਦਿੱਤਾ ਜਾਵੇ, ਟੈਂਟੂ ਲਾਉਣ ਲਈ ਤਰਪਾਲਾਂ ਦਿੱਤੀਆਂ ਜਾਣ, ਮਜ਼ਦੂਰਾਂ ਨੂੰ ਯੋਗ ਮੁਆਵਜ਼ਾ ਰਾਸ਼ੀ ਦਿੱਤੀ ਜਾਵੇ ਅਤੇ ਘਰਾਂ 'ਚ ਦਾਖਲ ਪਾਣੀ ਤੁਰੰਤ ਬਾਹਰ [illegible]

ਨਥਾਣਾ 'ਚ ਪੰਦਰਾਂ ਦਿਨਾਂ ਲਈ ਬਾਜ਼ਾਰ ਬੰਦ ਕਰਵਾਉਣ 'ਤੇ ਦੁਕਾਨਦਾਰ ਤੇ ਗਰੀਬ ਵਰਗ ਚਿੰਤਤ

ਅਮਰਜੀਤ ਸਿੰਘ ਸਿੱਧੂ
ਨਥਾਣਾ,30 ਜੁਲਾਈ-[illegible] ਤਪਾਉਣ ਜ਼ਰੂਰੀ ਵਸਤਾਂ ਦੀ ਪੂਰਤੀ ਆਪਣੇ ਆਂਢ-ਗੁਆਂਢ ਤੋਂ ਕਰਨ ਲਈ ਮਜ਼ਬੂਰ ਹੈ। ਇਸ ਬੰਦ ਦੌਰਾਨ ਜ਼ਰੂਰੀ ਵਸਤਾਂ ਵਾਲੀਆਂ ਦੁਕਾਨਾਂ ਖੋਲ੍ਹਣ ਬਾਰੇ ਕੋਈ ਫੈਸਲਾ ਨਹੀਂ ਲਿਆ ਗਿਆ ਤਾਂ ਕਿ ਰੋਜ਼ਾਨਾ ਦਿਹਾੜੀਦਾਰ ਵਿਅਕਤੀ [illegible] ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜ਼ਰੂਰੀ ਵਸਤਾਂ ਵਾਲੀ ਦੁਕਾਨਾਂ ਨੂੰ ਕੁਝ ਸਮਾਂ ਖੋਲਣ ਦੀ ਆਗਿਆ ਦਿੱਤੀ ਜਾਵੇ ਤਾਂ ਜੋ ਹਰ ਰੋਜ ਲੋੜ ਅਨੁਸਾਰ ਖਰੀਦਦਾਰੀ ਕਰਨ ਵਾਲਾ ਵਿਅਕਤੀ ਆਪਣਾ ਢੰਗ ਟਪਾਅ ਸਕੇ।

ਸਿੱਖਿਆ ਬੋਰਡ ਦੀ ਨਵੀਂ ਐਸੋਸੀਏਟਿਡ ਨੀਤੀ ਨੂੰ ਲੱਗੀਆਂ ਔਧੀਆਂ ਬਰੇਕਾਂ

2100 ਐਸੋਸੀਏਟਿਡ ਸਕੂਲਾਂ 'ਤੇ ਲਟਕੀ ਤਲਵਾਰ ਹਾਈ ਕੋਰਟ ਨੇ ਹਟਾਈ

ਜਾਣਕਾਰੀ ਦਿੰਦੇ ਹੋਏ ਪੀਪੀਐਸਓ ਦੇ ਪ੍ਰਧਾਨ ਦੀਦਾਰ ਸਿੰਘ ਢੀਂਡਸਾ, ਐਸੋਸੀਏਟਿਡ ਸਕੂਲ ਆਰਗੇਨਾਈਜੇਸਨ ਦੇ ਪ੍ਰਧਾਨ

ਮੋਹਾਲੀ 30 ਜੁਲਾਈ (ਹਰਕੇਸ਼ ਸ਼ਰਮਾ) [illegible] ਪ੍ਰਾਈਵੇਟ ਸਕੂਲਜ਼ ਆਰਗੇਨਾਈਜ਼ੇਸ਼ਨ (ਰਜਿ:) ਪੀ.ਪੀ.ਐਸ.ਓ. ਵੱਲੋਂ ਦਾਇਰ ਕੀਤੀ ਰਿੱਟ ਪਟੀਸ਼ਨ ਤੇ ਸੁਣਵਾਈ ਕਰਦਿਆਂ ਮਾਨਯੋਗ ਜੱਜ ਸੁਦੀਪ ਆਹਲੂਵਾਲੀਆ ਜੀ, ਦੀ ਅਦਾਲਤ ਨੇ 2100 ਐਸੋਸੀਏਟਿਡ ਸਕੂਲਾਂ ਦੇ ਗਲੇ ਵਿੱਚ ਫਸਿਆ ਫ਼ਾਂਸੀ ਦਾ ਫੰਦਾ - ਹਲਫ਼ੀਆ ਬਿਆਨ- ਤੁਰੰਤ ਖਤਮ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਇਸ ਸਬੰਧੀ ਜਾਣਕਾਰੀ [illegible] ਲਗਾਤਾਰਤਾ ਫ਼ੀਸ ਜਮ੍ਹਾਂ ਕਰਵਾ ਸਕਦੇ ਹਨ।

ਤੇਜਪਾਲ ਸਿੰਘ ਸਕੱਤਰ ਜਨਰਲ ਨੇ ਸਪਸ਼ਟ ਕੀਤਾ ਹੈ ਕਿ ਜੋ 31 ਦਸੰਬਰ 2020 ਵਾਲੀ ਸ਼ਰਤ ਸੀ ਅਤੇ 1 ਅਪ੍ਰੈਲ ਤੋਂ ਐਫੀਲੀਏਸ਼ਨ ਲੈਣ ਦੇ ਹੁਕਮ ਸਨ ਉਨ੍ਹਾਂ ਤੇ ਫਿਲਹਾਲ ਅਸਿੱਧੇ ਤੌਰ ਤੇ ਰੋਕ ਲੱਗ ਚੁੱਕੀ ਹੈ।

ਹਾਈ ਕੋਰਟ ਦੇ ਫੈਸਲੇ ਅਨੁਸਾਰ 200 ਵਰਗ ਗਜ਼ ਥਾਂ ਤੋਂ ਲੈ ਕੇ 499 ਵਰਗ ਗਜ਼ ਥਾਂ ਤੇ ਚੱਲ ਰਹੇ ਐਸੋਸੀਏਟਿਡ ਸਕੂਲ ਹੁਣ ਬਿਨ੍ਹਾਂ ਡਰ,ਭੈਅ ਤੋਂ 1 ਸਾਲ ਦਾ ਲਗਾਤਾਰਤਾ ਵਾਧਾ ਪ੍ਰਾਪਤ ਕਰਨ ਦੇ ਹੱਕਦਾਰ ਬਣ ਚੁੱਕੇ ਹਨ। ਸਕੱਤਰ ਜਨਰਲ ਸ੍ਰੀ ਤੇਜਪਾਲ ਸਿੰਘ ਨੇ ਪ੍ਰੈਸ ਨੂੰ ਜਾਰੀ ਬਿਆਨ ਵਿੱਚ ਦੱਸਿਆ ਹੈ ਕਿ ਨਵੀਆਂ ਸ਼ਰਤਾਂ ਨੂੰ ਚੁਣੌਤੀ ਦੇ ਦਿੱਤੀ ਗਈ ਹੈ । ਇਹ ਹੁਣ ਮਾਨਯੋਗ ਹਾਈ ਕੋਰਟ ਦੇ ਅੰਤਿਮ ਫੈਸਲੇ ਤੇ ਨਿਰਭਰ ਕਰਦਾ ਹੈ ਕਿ ਭਵਿੱਖ ਵਿੱਚ ਕੀ ਹੋਵੇਗਾ।

ਕੋਰੋਨਾ ਵਾਇਰਸ ਦੇ ਵੱਧ ਰਹੇ ਖ਼ਤਰੇ ਦੇ ਮੱਦੇਨਜ਼ਰ ਡੀ.ਸੀ. ਦਫ਼ਤਰ ਵਿੱਚ ਜਨਤਕ ਡੀਲਿੰਗ ਬੰਦ

ਫਿਰੋਜ਼ਪੁਰ 30 ਜੁਲਾਈ (ਅਸ਼ੋਕ ਭਾਰਦਵਾਜ) [illegible] ਕੰਮਾਂ ਦੇ ਬਾਰੇ ਵਿੱਚ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਡੀ ਸੀ ਦਫਤਰ ਵਿੱਚ ਪ੍ਰਵੇਸ਼ ਦੁਆਰ ਤੇ ਦੋ ਸੁਝਾਅ ਬਕਸੇ ਵੀ ਲਗਾਏ ਗਏ ਹਨ, ਜਿਨਾਂ ਵਿਚ ਲੋਕ ਆਪਣੇ ਕੰਮਾਂ ਦੇ ਬਾਰੇ ਵਿਚ ਜਾਣਕਾਰੀ, ਮੰਗ ਪੱਤਰ ਪਾ ਸਕਦੇ ਹਨ।

ਹੈਲਪਲਾਈਨ ਨੰਬਰਾਂ ਉੱਪਰ ਸੁਝਾਅ ਅਤੇ ਬਾਕਸੇ ਵਿਚ ਆਉਣ ਵਾਲੀ ਜਾਣਕਾਰੀ ਨੂੰ ਇਕੱਠਾ ਕਰਕੇ ਇਸ ਨਾਲ ਸਬੰਧਤ ਮਹਿਕਮਿਆਂ ਦੇ ਪਾਸ ਕਾਰਵਾਈ ਲਈ ਭੇਜਣ ਦੇ ਲਈ ਮੁਲਾਜ਼ਮਾ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ, ਜੋ ਕੇ ਰੋਜ਼ਾਨਾ ਲੋਕਾਂ ਵੱਲੋਂ ਆਉਣ ਵਾਲੇ ਫੀਡਬੈਕ ਨੂੰ ਸਬੰਧਤ ਵਿਭਾਗਾਂ ਕੋਲ ਪਹੁੰਚਾਉਣਗੇ।

ਇਸ ਬਾਰੇ ਵਿੱਚ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਵਧੀਕ ਡਿਪਟੀ ਕਮਿਸ਼ਨਰ (ਜ) ਰਾਜਦੀਪ ਕੌਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ [illegible] ਦੱਸਿਆ ਕਿ ਹੈਲਪਲਾਈਨ ਨੰਬਰਾਂ ਦੇ ਇਚਾਰਜ ਪਬਲਿਕ ਵਲੋਂ ਆਉਣ ਵਾਲੀ ਜਾਣਕਾਰੀ ਨੂੰ ਰੋਜ਼ਾਨਾ ਅਗਲੇਰੀ ਕਾਰਵਾਈ ਲਈ ਸੰਬੰਧਤ ਦਫਤਰਾਂ ਨੂੰ ਭੇਜਣਗੇ। ਇਸ ਤੋਂ ਇਲਾਵਾ ਸੁਝਾਅ ਬਕਸੇ ਵੀ ਲਗਾ ਦਿੱਤੇ ਗਏ ਹਨ, ਜਿਸ ਵਿਚ ਲੋਕ ਆਪਣੇ ਮੰਗ ਪੱਤਰ ਜਾਂ ਹੋਰ ਆਵੇਦਨ ਪਾ ਸਕਦੇ ਹਨ ਜਿਨ੍ਹਾਂ ਨੂੰ ਰੋਜ਼ਾਨਾ ਚੈਕ ਕਰਕੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

6ਵਾਂ ਸੂਬਾ ਪੱਧਰੀ ਮੈਗਾ ਰੋਜ਼ਗਾਰ ਮੇਲਾ ਸਤੰਬਰ 'ਚ

ਚੰਡੀਗੜ , 30 ਜੁਲਾਈ : ਦਸਨਸ: ਪੰਜਾਬ ਸਰਕਾਰ ਨੇ ਆਪਣੀ ਪ੍ਰਮੁੱਖ ਸਕੀਮ 'ਘਰ ਘਰ ਰੋਜ਼ਗਾਰ ਯੋਜਨਾ' ਤਹਿਤ ਸੂਬੇ ਭਰ ਵਿੱਚ 24 ਸਤੰਬਰ, 2020 ਤੋਂ 30 ਸਤੰਬਰ, 2020 ਤੱਕ 6ਵਾਂ ਸੂਬਾ ਪੱਧਰੀ ਮੈਗਾ ਰੋਜ਼ਗਾਰ ਮੇਲਾ ਲਾਉਣ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਪੰਜਾਬ ਦੇ ਰੋਜ਼ਗਾਰ ਉਤਪਤੀ ਮੰਤਰੀ ਸ੍ਰੀ ਚਰਨਜੀਤ ਸਿੰਘ ਚੰਨੀ ਨੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੋਵਿਡ-19 ਸਬੰਧੀ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਰੋਜ਼ਗਾਰ ਮੇਲਿਆਂ ਰਾਹੀਂ ਸਾਰੇ ਜ਼ਿਲਿ੍ਆਂ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਕੋਰੋਨਾ ਮਹਾਂਮਾਰੀ ਦੇ ਮੱਦੇਨਜ਼ਰ ਇਸ ਸਾਲ ਇਨ੍ਹਾਂ ਰੋਜ਼ਗਾਰ ਮੇਲਿਆਂ ਲਈ ਵਰਚੂਅਲ ਅਤੇ ਫਿਜ਼ੀਕਲ ਦੋਵੇਂ ਪਲੇਟਫਾਰਮ ਵਰਤੇ ਜਾਣਗੇ।

ਰੋਜ਼ਗਾਰ ਉਤਪਤੀ ਮੰਤਰੀ ਨੇ ਕਿਹਾ ਕਿ ਰੋਜ਼ਗਾਰ ਮੇਲੇ ਲਗਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਿਰਫ ਅਜਿਹੇ ਸਥਾਨਾਂ ਦੀ ਚੋਣ ਕੀਤੀ ਜਾਵੇਗੀ, ਜਿੱਥੇ ਕੋਵਿਡ-19 ਸਬੰਧੀ ਜਾਰੀ ਪ੍ਰੋਟੋਕੋਲਾਂ ਅਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕੇ। ਰੋਜ਼ਗਾਰ ਮੇਲੇ ਵਾਲੀ ਥਾਂ 'ਤੇ ਇੱਕ ਵਿਸ਼ੇਸ਼ ਸਮੇਂ 'ਤੇ ਮੌਜੂਦ ਰਹਿਣ ਵਾਲੇ ਉਮੀਦਵਾਰਾਂ/ਲੋਕਾਂ ਦੀ ਗਿਣਤੀ ਕੋਵਿਡ-19 ਸਬੰਧੀ ਜਾਰੀ ਦਿਸ਼ਾ ਨਿਰਦੇਸ਼ਾਂ ਨੂੰ ਧਿਆਨ ਵਿੱਚ ਰੱਖਦਿਆਂ ਨਿਰਧਾਰਤ ਕੀਤੀ ਜਾਵੇਗੀ। ਜੇਕਰ ਕੋਵਿਡ-19 ਦੇ ਕਾਰਨ ਹਾਲਾਤ ਵਿਗੜਦੇ ਹਨ ਅਤੇ ਰੋਜ਼ਗਾਰ ਮੇਲਾ ਲਗਾਉਣਾ ਅਸੰਭਵ ਜਾਪਦਾ ਹੈ ਤਾਂ ਸ਼ੁਰੂਆਤੀ ਆਨਲਾਈਨ ਪ੍ਰਕਿਰਿਆ ਪੂਰੀ ਕੀਤੀ ਜਾਵੇਗੀ ਅਤੇ ਉਮੀਦਵਾਰਾਂ ਨੂੰ ਨਿੱਜੀ ਤੌਰ 'ਤੇ ਬੁਲਾਉਣ ਦੀ ਪ੍ਰਕਿਰਿਆ ਕੋਵਿਡ-19 ਸੰਕਟ ਟਲਣ ਤੋਂ ਬਾਅਦ ਵਿੱਚ ਕੀਤੀ ਜਾਵੇਗੀ।

ਸ੍ਰੀ ਚੰਨੀ ਨੇ ਦੱਸਿਆ ਕਿ ਵਿਭਾਗ ਨੂੰ ਇਸ ਸਾਲ ਕਰਵਾਏ ਜਾਣ ਵਾਲੇ ਰੋਜ਼ਗਾਰ ਮੇਲਿਆਂ ਲਈ 75,000 ਨੌਕਰੀਆਂ ਦੀ ਵਿਵਸਥਾ ਕਰਨ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਵਿਭਾਗ ਦੇ ਅਧਿਕਾਰੀ ਰਾਜ, ਹੋਰਨਾਂ ਰਾਜਾਂ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨਿੱਜੀ ਖੇਤਰ ਵਿਚਲੇ ਨਿਯੋਜਕਾਂ ਤੱਕ ਪਹੁੰਚ ਕਰਨਗੇ।

ਮੰਤਰੀ ਨੇ ਇਹ ਵੀ ਕਿਹਾ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਉੱਦਮ ਬਿਊਰੋ ਵੱਲੋਂ ਨੌਕਰੀ ਤਲਾਸ਼ ਰਹੇ ਘੱਟੋ ਘੱਟ 1,50,000 ਨੌਜਵਾਨਾਂ ਨੂੰ ਰੋਜ਼ਗਾਰ ਮੇਲਿਆਂ ਵਿੱਚ ਸ਼ਾਮਲ ਹੋਣ ਸਬੰਧੀ ਵਿਭਾਗ ਦੇ ਪੋਰਟਲ 'ਤੇ ਰਜਿਸਟਰ ਕਰਨ ਲਈ ਜਾਗਰੂਕ ਅਤੇ ਪ੍ਰੇਰਿਤ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਪੱਧਰੀ ਸਵੈ-ਰੁਜ਼ਗਾਰ ਜਾਗਰੂਕਤਾ ਮੁਹਿੰਮ ਵੀ ਅਕਤੂਬਰ, 2020 ਦੇ ਮਹੀਨੇ ਵਿੱਚ ਚਲਾਈ ਜਾਏਗੀ।

ਰੋਜ਼ਗਾਰ ਉਤਪਤੀ ਵਿਭਾਗ ਦੇ ਸਕੱਤਰ ਸ੍ਰੀ ਰਾਹੁਲ ਤਿਵਾੜੀ ਨੇ ਦੱਸਿਆ ਕਿ ਨੌਕਰੀ ਭਾਲ ਕਰ ਰਹੇ ਨੌਜਵਾਨਾਂ ਲਈ ਅਪਲਾਈ ਕਰਨ ਦੀ ਪ੍ਰਕਿਰਿਆ 28 ਅਗਸਤ, 2020 ਤੋਂ ਸ਼ੁਰੂ ਹੋਵੇਗੀ। ਇਸ ਸਬੰਧੀ ਆਨਲਾਈਨ ਅਪਲਾਈ ਕਰਨ ਦੀ ਆਖਰੀ ਤਰੀਕ 15 ਸਤੰਬਰ, 2020 ਹੈ। ਉਨ੍ਹਾਂ ਅੱਗੇ ਕਿਹਾ ਕਿ ਨੌਕਰੀ ਤਲਾਸ਼ ਰਹੇ ਨੌਜਵਾਨਾਂ ਅਤੇ ਨਿਯੋਜਕਾਂ ਪਾਸੋਂ ਇਕੱਤਰ ਕੀਤੇ ਨੌਕਰੀਆਂ ਦੇ ਸਾਰੇ ਵੇਰਵੇ ਪੋਰਟਲ 'ਤੇ ਉਪਲਬਧ ਕਰਵਾਏ ਜਾਣਗੇ।

ਮਾਹੋਰਾਣਾ 'ਚ ਐਸਬੀਆਈ ਦੇ ਏਟੀਐਮ ਨੂੰ ਲੁੱਟਣ ਦੀ ਨਾਕਾਮ ਕੋਸ਼ਿਸ਼

ਅਮਰਗੜ੍ਹ-30 ਜੁਲਾਈ(ਬਲਵਿੰਦਰ ਸਿੰਘ ਸ਼ੇਰਗਿੱਲ) ਥਾਣਾ ਅਮਰਗੜ੍ਹ 'ਚ ਆਏ ਦਿਨ ਲੁਟਾ ਖੋਹਾਂ ਦੀਆਂ ਵਾਰਦਾਤਾਂ ਵਿੱਚ ਵਾਧਾ ਹੋ ਰਿਹਾ ਹੈ ਹਾਲੇ ਤੱਕ ਤਾਂ ਅਮਰਗੜ੍ਹ ਪੁਲਿਸ ਪਿਛਲੇ ਹਫਤੇ ਮਾਹੋਰਾਣਾ ਸਥਿਤ ਬੈਂਕ ਦੇ ਏ.ਟੀ.ਐਮ ਤੋੜ ਭੰਨ ਦੀ ਵਾਰਦਾਤ ਨੂੰ ਸੁਲਝਾਉਣ ਚ ਹੀ ਲੱਗੀ ਸੀ ਕਿ ਚੋਰਾਂ ਨੇ ਪੁਲਿਸ ਨੂੰ ਚਿੜਾਉਂਦਿਆਂ ਅੱਜ ਦੁਬਾਰਾ ਫਿਰ ਮੋਹਰਾਣਾ ਵਿਖੇ ਉਸੇ ਏ.ਟੀ.ਐਮ ਹੀ ਨੂੰ ਲੁੱਟਣ ਦੀ ਨਕਾਮ ਕੋਸ਼ਿਸ ਕੀਤੀ ਗਈ।

ਅਮਰਗੜ੍ਹ ਹਲਕੇ ਵਿਚ ਹੋ ਰਹੀਆਂ ਚੋਰੀ ਦੀਆਂ ਵਾਰਦਾਤਾਂ ਨੂੰ ਲੈਕੇ ਇਲਾਕਾ ਵਾਸੀਆਂ ਨੇ ਪ੍ਰਸ਼ਾਸਨ ਅੱਗੇ ਜਲਦ ਸੁਲਝਾਉਣ ਦੀ ਮੰਗ ਕੀਤੀ ਏ।ਉਧਰ ਬੈਂਕ ਮੈਨੇਜਰ ਨੇ ਇਸ ਘਟਨਾ ਸਬੰਧੀ ਕਿਹਾ ਕਿ ਚੋਰਾਂ ਵਲੋਂ ਦੂਜੀ ਵਾਰ ਏ.ਟੀ.ਐਮ ਤੋੜਨ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਓਹ ਨਾਕਾਮ ਰਹੇ ਜਿਸ ਸੰਬਧੀ ਪੁਲਿਸ ਨੂੰ ਸੂਚਨਾ ਦੇ ਦਿਤੀ ਗਈ ਹੈ।ਅਮਰਗੜ੍ਹ ਹਲਕੇ ਵਿਚ ਹੋ ਰਹੀਆਂ ਚੋਰੀ ਦੀਆਂ ਘਟਨਾਵਾਂ ਨੂੰ ਲੈਕੇ ਅਮਰਗੜ੍ਹ ਥਾਣਾ ਮੁੱਖੀ ਇੰ. ਰਜੇਸ਼ ਕੁਮਾਰ ਮਲਹੋਤਰਾ ਨੇ ਕਿਹਾ ਪੁਲਿਸ ਬਹੁਤ ਬਰੀਕੀ ਨਾਲ ਇਸ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ ਪੁਲਿਸ ਕਈ ਪਹਿਲੂਆਂ ਤੇ ਕੰਮ ਕਰ ਰਹੀ ਹੈ ਅਤੇ ਜਲਦੀ ਹੀ ਚੋਰੀ ਦੇ ਮਾਮਲੇ ਨੂੰ ਸੁਲਝਾ ਲਿਆ ਜਾਵੇਗਾ।

ਅਣਪਛਾਤੇ ਨੌਜਵਾਨ ਦੀ ਲਾਸ਼ ਮਿਲੀ

ਸ੍ਰੀ ਅਨੰਦਪੁਰ ਸਾਹਿਬ, 30 ਜੁਲਾਈ (ਤਰਲੋਚਨ ਸਿੰਘ) ਅੱਜ ਇਥੋਂ ਦੇ ਨੇੜਲੇ ਗੰਗੂਵਾਲ ਪਾਵਰ ਹਾਊਸ ਦੇ ਫੋਰਵੇਅ ਕੋਲੋ ਭਾਖੜਾ ਨਹਿਰ 'ਚੋ ਹੱਥ ਪੈਰ ਅਤੇ ਮੂੰਹ ਬੰਨੇ ਅਣਪਛਾਤੇ ਨੌਜਵਾਨ ਦੀ ਲਾਸ਼ ਮਿਲਣ ਦੀ ਸੂਚਨਾ ਪ੍ਰਾਪਤ ਹੋਈ ਹੈ।

ਇਸ ਮੌਕੇ ਸ੍ਰੀ ਅਨੰਦਪੁਰ ਸਾਹਿਬ ਦੇ ਥਾਣਾ ਮੁੱਖੀ ਰੁਪਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਜੋ ਸਿਰ ਤੋਂ ਮੋਨਾ ਦੀ ਉਮਰ ਕਰੀਬ ੨੫-੩੦ ਸਾਲ ਨੇ ਨੀਲੇ ਰੰਗ ਦੀ ਜੀਨ ਪੈਂਟ ਅਤੇ ਮਹਿਰੂਨ ਟੀ ਸਰਟ ਪਹਿਨੀ ਹੋਈ ਹੈ । ਉਨ੍ਹਾਂ ਦੱਸਿਆ ਕਿ ਮ੍ਰਿਤਕ ਨੌਜਵਾਨ ਦੀ ਲਾਸ ਤੇ ਕਈ ਥਾਂ ਤੇਜ ਧਾਰ ਹਥਿਆਰ ਦੇ ਕੱਟ ਦੇ ਨਿਸਾਨ ਲੱਗੇ ਹੋਏ ਹਨ ਅਤੇ ਮ੍ਰਿਤਕ ਦਾ ਮੂੰਹ ਅਤੇ ਬਾਂਹਾਂ ਪਿਛਲੇ ਪਾਸੇ ਬੰਨੀਆਂ ਹੋਈਆਂ ਹਨ । ਜਿਸ ਤੇ ਉਕਤ ਮਾਮਲੇ ਕਤਲ ਦਾ ਮਾਮਲਾ ਸਮਝਦਿਆਂ ਅਣਪਛਾਤੇ ਲੋਕਾਂ ਖਿਲਾਫ ਕਤਲ ਦਾ ਮਾਮਲਾ ਦਰਜ ਕਰਕੇ ਜਾਂਚ ਸੁਰੂ ਕਰ ਦਿੱਤੀ ਗਈ ਹੈ । ਉਨਾਂ ਕਿਹਾ ਕਿ ਲਾਸ਼ ਨੂੰ ਕਬਜੇ ਵਿਚ ਲੈ ਕੇ ਸਨਾਖਤ ਲਈ ਅਗਲੇ ੭੨ ਘੰਟੇ ਲਈ ਭਾਈ ਜੈਤਾ ਜੀ ਸਿਵਲ ਹਸਪਤਾਲ ਦੇ ਮੁਰਦਾਂਘਰ ਵਿੱਚ ਰੱਖਵਾ ਦਿੱਤਾ ਗਿਆ ਹੈ ।

ਕੇਂਦਰੀ ਜੇਲ੍ਹ 'ਚ ਲਿਫਾਫਿਆਂ ਵਿੱਚ ਬੰਦ ਕਰਕੇ ਸੁੱਟੇ ਮੋਬਾਇਲ ਫੋਨ

ਫਿਰੋਜ਼ਪੁਰ 30 ਜੁਲਾਈ (ਜਸਪਾਲ ਸਿੰਘ): ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਅਣਪਛਾਤੇ ਵਿਅਕਤੀਆਂ ਵੱਲੋਂ 3 ਲਿਫਾਫੇ ਸੁੱਟਣ ਦੀ ਖਬਰ ਮਿਲੀ ਹੈ। ਜਾਣਕਾਰੀ ਮੁਤਾਬਿਕ ਜਿਹੜੇ 3 ਲਿਫਾਫੇ ਜੇਲ੍ਹ ਵਿਚ ਸੁੱਟੇ ਗਏ ਹਨ ਉਨ੍ਹਾਂ ਵਿਚੋਂ 9 ਮੋਬਾਇਲ ਫੋਨ ਬਰਾਮਦ ਹੋਏ ਹਨ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਿਸ ਨੂੰ ਭੇਜੀ ਗਈ ਲਿਖਤੀ ਸ਼ਿਕਾਇਤ ਵਿਚ ਦੱਸਿਆ ਗਿਆ ਹੈ ਕਿ ਬੀਤੀ ਰਾਤ 11 ਵਜੇ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਟਾਵਰ ਨੰਬਰ 1 ਅਤੇ 2 ਵਿਚ 3 ਲਿਫਾਫੇ ਸੁੱਟੇ ਗਏ, ਜਿਨ੍ਹਾਂ ਨੂੰ ਖੋਲ੍ਹ ਕੇ ਵੇਖਿਆ ਗਿਆ ਤਾਂ ਉਨ੍ਹਾਂ ਵਿਚੋਂ ਵੱਖ ਵੱਖ ਤਰ੍ਹਾਂ ਦੇ ਮੋਬਾਇਲ ਫੋਨ ਸਨ। ਉਨ੍ਹਾਂ ਨੇ ਦੱਸਿਆ ਕਿ ਮੋਬਾਇਲ ਫੋਨ ਕਬਜ਼ੇ ਵਿਚ ਲੈਂਦੇ ਹੋਏ ਪੁਲਿਸ ਵੱਲੋਂ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਕੇਂਦਰੀ ਜੇਲ੍ਹ ਫਿਰੋਜ਼ਪੁਰ ਵੱਲੋਂ ਭੇਜੀ ਗਈ ਲਿਖਤੀ ਸ਼ਿਕਾਇਤ ਦੇ ਆਧਾਰ 'ਤੇ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਿਸ ਨੇ ਅਣਪਛਾਤੇ ਲੋਕਾਂ ਖਿਲਾਫ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਨਹਿਰ 'ਚ ਪਾੜ ਪਿਆ, ਅੱਧੀ ਦਰਜਨ ਕਿਸਾਨਾਂ ਦੀਆਂ ਫਸਲਾਂ ਨੁਕਸਾਨੀਆਂ

ਹੁਸ਼ਿਆਰਪੁਰ, 30 ਜੁਲਾਈ, ਬਲਵੀਰ ਸੈਣੀ : ਇੱਥੇ ਹਾਜੀਪੁਰ ਦੇ ਪਿੰਡ ਭੱਲੋਵਾਲ ਕੋਲ ਪੈਂਦੀ ਸ਼ਾਹ ਨਹਿਰ ਡੀਂਡਰ-ਇੱਕ 'ਚ ਪਾੜ ਪੈਣ ਕਾਰਨ ਅੱਧੀ ਦਰਜਨ ਦੇ ਕਰੀਬ ਕਿਸਾਨਾਂ ਦੀ ਫਸਲ ਨੂੰ ਨੁਕਸਾਨ ਪੁੱਜਾ ਹੈ।

ਪਿੰਡ ਵਾਸੀਆਂ ਦੇ ਮੁਤਾਬਕ ਨਹਿਰ ਦੀ ਲੰਮੇ ਸਮੇਂ ਤੋਂ ਰਿਪੇਅਰ ਨਹੀਂ ਹੋਈ। ਕਈ ਜਗ੍ਹਾ 'ਤੇ ਅਕਸਰ ਹੀ ਪਾਣੀ ਦਾ ਰਿਸਾਵ ਰਹਿੰਦਾ ਹੈ। ਅੱਜ ਬਾਅਦ ਦੁਪਹਿਰ ਨਹਿਰ 'ਚ ਪਏ ਪਾੜ ਕਾਰਨ ਪਿੰਡ ਦੇ ਵਸਨੀਕ ਤਰਸੇਮ ਸਿੰਘ, ਭੁਪਿੰਦਰ ਸਿੰਘ, ਸਿਕੰਦਰ ਸਿੰਘ, ਰੋਸ਼ਨ ਸਿੰਘ, ਬਲਵੀਰ ਸਿੰਘ ਆਦਿ ਦੇ ਖੇਤਾਨਾਂ 'ਚ ਪਾਣੀ ਭਰਨ ਕਾਰਨ ਝੋਨੇ ਦੀ ਫਸਲ ਨੂੰ ਨੁਕਸਾਨ ਪਹੁੰਚਿਆ ਹੈ। ਖੇਤਾਂ 'ਚ ਲੱਗੀਆਂ ਮੋਟਰਾਂ ਵੀ ਨੁਕਸਾਨੀਆਂ ਗਈਆਂ ਹਨ। ਖੂਹਾਂ 'ਚ ਮੱਕ ਭਰ ਗਿਆ ਹੈ।

ਮੌਕੇ 'ਤੇ ਪਹੁੰਚੇ ਸ਼ਾਹ ਨਹਿਰ ਵਿਭਾਗ ਦੇ ਐਸਡੀਓ ਵਿਨੈ ਕੁਮਾਰ ਨੇ ਦੱਸਿਆ ਕਿ ਅੱਜ ਬਾਅਦ ਦੁਪਹਿਰ ਪਿੰਡ ਭੱਲੋਵਾਲ ਕੋਲੋਂ ਲੰਘਦੀ ਸ਼ਾਹ ਨਹਿਰ ਡੀਂਡਰ-ਇੱਕ 'ਚ ਕਰੀਬ 60 ਮੀਟਰ ਲੰਮਾ ਪਾੜ ਪੈ ਗਿਆ ਹੈ। ਨਹਿਰੋ ਕੰਢੇ ਪੈਂਦੇ ਖੇਤਾਨਾਂ 'ਚ ਪਾਣੀ ਵੜ ਗਿਆ ਹੈ। ਪਾਣੀ ਨਿੱਤਰਨ ਤੱਕ ਫ਼ਸਲ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਾਉਣਾ ਅਸੰਭਵ ਹੈ। ਪੈਡੀ ਸੀਜ਼ਨ ਦੇ ਚੱਲਦਿਆਂ ਅਤੇ ਘੱਟ ਮੀਂਹ ਕਾਰਨ ਪਹਿਲੀ ਤਰਜੀਹ ਨਹਿਰ ਦੀ ਰਿਪੇਅਰ ਕਰ ਪਾਣੀ ਮੁੜ ਚਾਲੂ ਕਰਨਾ ਹੈ ਤਾਂ ਜੋ ਕਿਸਾਨਾਂ ਨੂੰ ਪਾਣੀ ਦੀ ਥੁੜ੍ਹ ਦਾ ਸਾਹਮਣਾ ਨਾ ਕਰਨਾ ਪਵੇ। ਪੈਡੀ ਸੀਜ਼ਨ 'ਚ ਨਹਿਰਾਂ 'ਚ ਪਾੜ ਪੈਣ ਦੀਆਂ ਘਟਨਾਵਾਂ ਸੰਬੰਧੀ ਐਸਡੀਓ ਵਿਨੈ ਕੁਮਾਰ ਨੇ ਦੱਸਿਆ ਕਿ ਖ਼ੇਤਰ ਦੇ ਨਹਿਰੀ ਪ੍ਰਾਜੈਕਟ ਨੂੰ ਰੀ-ਮੋਲਡਿੰਗ ਦੀ ਜ਼ਰੂਰਤ ਹੈ। ਨਹਿਰ ਦੇ ਕੰਢੇ ਚੂਹਿਆਂ ਆਦਿ ਦੀ ਭਰਮਾਰ ਕਾਰਨ ਪੋਲੇ ਪੈ ਗਏ ਹਨ। ਲੋੜੀਂਦੇ ਫੰਡਾਂ ਦੀ ਤੋਟ ਹੈ। ਸਟਾਫ ਦੀ ਘਾਟ ਹੋਣ ਕਾਰਨ ਸਮੇਂ ਸਿਰ ਕੰਮ ਕਰਵਾਉਣਾ ਔਖਾ ਹੋ ਗਿਆ ਹੈ।

ਸ਼ਹੀਦ ਅਤੇ ਅਪਾਹਜ ਸੈਨਿਕਾਂ ਦੇ ਵਾਰਸਾਂ ਲਈ ਐਕਸ ਗ੍ਰੇਸ਼ੀਆ ਵਿੱਚ ਕਈ ਗੁਣਾਂ ਵਾਧਾ

ਚੰਡੀਗੜ੍ਹ, 30 ਜੁਲਾਈ: ਦਸਨਸ: ਵੱਖ-ਵੱਖ ਆਪਰੇਸ਼ਨਾਂ ਵਿੱਚ ਸ਼ਹੀਦ ਅਤੇ ਅਪਾਹਜ ਹੋਏ ਸੈਨਿਕਾਂ ਦੇ ਵਾਰਸਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੇ ਉਦੇਸ਼ ਨਾਲ ਇੱਕ ਪਹਿਲਕਦਮੀ ਕਰਦਿਆਂ ਪੰਜਾਬ ਸਰਕਾਰ ਵੱਲੋਂ ਐਕਸ ਗ੍ਰੇਸ਼ੀਆ ਦੀ ਰਾਸ਼ੀ ਵਿੱਚ ਕਈ ਗੁਣਾ ਵਾਧਾ ਨੋਟੀਫਾਈ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਇਕ ਬੁਲਾਰੇ ਨੇ ਦੱਸਿਆ ਕਿ ਸ਼ਹੀਦ ਸੈਨਿਕਾਂ ਦੇ ਵਾਰਸਾਂ ਨੂੰ ਅਦਾ ਕੀਤੀ ਜਾਣ ਵਾਲੀ ਕੁੱਲ ਰਕਮ ਵਧਾ ਕੇ 50 ਲੱਖ ਰੁਪਏ ਕਰ ਦਿੱਤੀ ਗਈ ਹੈ ਸ਼ਾਦੀਸ਼ੁਦਾ ਸ਼ਹੀਦ ਸਿਪਾਹੀ ਦੇ ਮਾਮਲੇ ਵਿੱਚ 35 ਲੱਖ ਰੁਪਏ ਐਕਸ ਗ੍ਰੇਸ਼ੀਆ, ਮਾਪਿਆਂ ਨੂੰ 10 ਲੱਖ ਰੁਪਏ ਦੀ ਵਾਧੂ ਰਾਹਤ ਅਤੇ ਪਲਾਟ ਦੇ ਬਦਲੇ ਨਕਦ ਵਜੋਂ 5 ਲੱਖ ਰੁਪਏ ਦਿੱਤੇ ਜਾਣਗੇ। ਜੇ ਸ਼ਹੀਦ ਸੈਨਿਕ ਸ਼ਾਦੀਸ਼ੁਦਾ ਨਹੀਂ ਸੀ ਤਾਂ ਸ਼ਹੀਦ ਦੇ ਵਾਰਸਾਂ ਨੂੰ 45 ਲੱਖ ਰੁਪਏ ਐਕਸ ਗ੍ਰੇਸ਼ੀਆ ਅਤੇ ਪਲਾਟ ਦੇ ਬਦਲੇ 5 ਲੱਖ ਰੁਪਏ ਨਕਦ ਵਜੋਂ ਦਿੱਤੇ ਜਾਣਗੇ। ਬੁਲਾਰੇ ਨੇ ਅੱਗੇ ਦੱਸਿਆ ਕਿ ਵੱਖ ਵੱਖ ਆਪਰੇਸ਼ਨਾਂ ਵਿਚ ਅਪਾਹਜ ਹੋਏ ਸੈਨਿਕਾਂ ਨੂੰ ਅਦਾ ਕੀਤੀ ਜਾਣ ਵਾਲੀ ਰਕਮ ਵਿਚ ਪੰਜ ਗੁਣਾ ਵਾਧਾ ਕੀਤਾ ਗਿਆ ਹੈ।